4-JAN-PAGE-7.qxd 1/3/2023 10:26 PM Page 2

ਬੁੱਧਵਾਰ, 4 ਜਨਵਰੀ, 2023
20 ਪੋਹ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 215

ਨਵਾਂ ਜ਼ਮਾਨਾ

DAILY NAWAN ZAMANA • WEDNESDAY, 4 JANURAY, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਬਾਬਾ ਸੋਹਣ ਸਿੰਘ ਭਕਨਾ ਦਾ ਜੀਵਨ ਸਾਡਾ ਰਾਹ-ਦਸੇਰਾ

ਬਲਕਾਰ ਸਿੰਘ ਵਲਟੋਹਾ

ਭਗਤ ਸਿੰਘ ਦੇ ਸਾਥੀ ਦੇਸ਼ ਭਗਤ ਸ਼ਿਵਰਾਮ ਵਰਮਾ ਨੇ ਕਿਹਾ ਸੀ, 'ਦੇਸ਼ ਖਾਤਰ ਸੂਲੀ ਚੜ੍ਹਨ ਵਾਲੇ ਆਜ਼ਾਦੀ-ਮਹੱਲ ਦੇ ਮੁੱਖ ਦਰਵਾਜ਼ਿਆਂ 'ਤੇ ਜੜੇ ਹੀਰੇ ਹਨ। ਇਹ ਉਸ ਦੀ ਸ਼ੋਭਾ ਵਧਾ ਸਕਦੇ ਹਨ, ਪਰ ਉਸ ਦਾ ਬੋਝ ਆਪਣੇ ਮੋਢਿਆਂ 'ਤੇ ਨਹੀਂ ਚੁੱਕ ਸਕਦੇ। ਇਹ ਕੰਮ ਤਾਂ ਨੀਂਹ ਪੱਥਰਾਂ ਦਾ ਹੁੰਦਾ ਹੈ।'

ਅੱਜ ਜਦੋਂ ਅਸੀਂ ਬਾਬਾ ਸੋਹਣ ਸਿੰਘ ਭਕਨਾ ਜੀ ਦਾ 155ਵਾਂ ਜਨਮ ਦਿਨ ਮਨਾ ਰਹੇ ਹਾਂ ਤਾਂ ਅੱਜ ਵੀ ਉਨ੍ਹਾ ਤੇ ਉਨ੍ਹਾ ਦੇ ਮਹਾਨ ਗਦਰੀ ਸਾਥੀਆਂ ਦੀ ਸੋਚ-ਸੋਧ, ਸੰਘਰਸ਼ਸ਼ੀਲ ਜ਼ਿੰਦਗੀ, ਸਾਦਾ , ਸਿਦਕੀ ਰਹਿਣ-ਸਹਿਣ ਤੇ ਦ੍ਰਿੜ- ਸਿਰੜ, ਇਰਾਦਾ ਸਾਡਾ ਰਾਹ-ਦਸੇਰਾ ਹੈ ਤੇ ਰਹੇਗਾ। ਜਿਹੜਾ ਵੀ ਮਨੁੱਖ ਇਸ ਧਰਤੀ 'ਤੇ ਮਨੁੱਖੀ ਬਰਾਬਰੀ ਤੇ ਖੁਸ਼ਹਾਲੀ ਵਾਲਾ ਤੇ ਕੁਦਰਤ ਦੀਆਂ ਅਥਾਹ ਦਾਤਾਂ ਦਾ ਨਿੱਘ ਮਾਨਣ ਵਾਲਾ ਸਮਾਜ ਸਿਰਜਣ ਲਈ ਹੈ, ਬਾਬਾ ਜੀ ਤੇ ਇਹਨਾਂ ਗਦਰੀ ਯੋਧਿਆਂ ਦੀ ਜੀਵਨ ਸ਼ੈਲੀ ਉਸ ਲਈ ਰਾਹ-ਦਸੇਰਾ ਹੈ।

ਬਾਬਾ ਜੀ ਦਾ ਜਨਮ 04 ਜਨਵਰੀ 1870 ਨੂੰ ਨਾਨਕੇ ਪਿੰਡ ਖਤਰਾਏ ਖੁਰਦ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਮਾਤਾ ਰਾਮ ਕੌਰ ਦੀ ਕੁੱਖੋਂ ਹੋਇਆ। ਤਿੰਨ ਮਹੀਨੇ ਨਾਨਕਾ ਘਰ ਗੁਜ਼ਾਰਨ ਮਗਰੋਂ ਮਾਂ-ਪੁੱਤ ਆਪਣੇ ਘਰ ਭਕਨਾ ਕਲਾਂ ਵਿਖੇ ਪਹੁੰਚ ਗਏ। ਇਸ ਪਰਵਾਰ 'ਚ ਮੁੱਢੋਂ ਹੀ ਔਲਾਦ ਦੀ ਕਮੀ ਸੀ। ਬਾਬਾ ਜੀ ਵੀ ਇੱਕਲੌਤੇ ਸਨ। ਬਾਬਾ ਜੀ ਅਜੇ ਇੱਕ ਸਾਲ ਦੇ ਹੀ ਸਨ ਕਿ ਪਿਤਾ ਕਰਮ ਸਿੰਘ ਚਲਾਣਾ ਕਰ ਗਏ, ਪਰ ਤਿੰਨ ਮਾਵਾਂ ਦਾਦੀ ਮਾਂ ਹਰ ਕੌਰ, ਮਾਂ ਰਾਮ ਕੌਰ ਅਤੇ ਧਰਮ ਦੀ ਮਾਂ ਹੁਕਮ ਕੌਰ ਦਾ ਰੱਜਵਾਂ ਪਿਆਰ ਬਾਬਾ ਜੀ ਦੇ ਹਿੱਸੇ ਆਇਆ। ਇਹਨਾਂ ਪੜ੍ਹਨਾ-ਲਿਖਣਾ ਪਿੰਡ ਦੇ ਗੁਰਦਵਾਰੇ ਦੇ ਭਾਈ ਤੋਂ ਸਿੱਖਿਆ। ਫਿਰ ਪਿੰਡ 'ਚ ਪ੍ਰਾਇਮਰੀ ਸਕੂਲ ਖੁੱਲ੍ਹ ਜਾਣ ਕਾਰਨ ਪ੍ਰਾਇਮਰੀ (ਚਾਰ ਜਮਾਤਾਂ) ਇੱਥੋਂ ਕੀਤੀ। ਪੰਜਾਬੀ, ਫਾਰਸੀ, ਉਰਦੂ ਤੇ ਹਿਸਾਬ ਦਾ ਮੁੱਢਲਾ ਗਿਆਨ ਇਹਨਾ ਹਾਸਲ ਕਰ ਲਿਆ, ਪਰ ਅੱਗੇ ਪੜ੍ਹਾਈ ਲਈ ਅੰਮ੍ਰਿਤਸਰ ਜਾਣਾ ਸੰਭਵ ਨਾ ਹੋਣ ਕਾਰਨ ਪੜ੍ਹਾਈ ਰੁਕ ਗਈ। ਇੱਥੇ ਪੜ੍ਹਦਿਆਂ ਹੀ ਬਾਬਾ ਜੀ ਚੰਗੀ ਤੇ ਤਕੜੀ ਸਿਹਤ ਬਣਾਉਣ ਲਈ ਚੰਗੀ ਖੁਰਾਕ ਖਾ ਅਖਾੜੇ ਜਾਣ ਲੱਗ ਪਏ ।

ਸ਼ਾਇਦ ਖੁੱਲ੍ਹੀ ਜ਼ਮੀਨ ਜਾਇਦਾਦ ਤੇ ਇਸ ਰੱਜਵੇਂ ਲਾਡ-ਪਿਆਰ ਨੇ ਬਾਬਾ ਜੀ ਨੂੰ ਮਾੜੀ ਸ਼ੋਹਬਤ ਵੱਲ ਤੋਰ ਦਿੱਤਾ। ਬਾਬਾ ਜੀ ਜਵਾਨੀ 'ਚ ਪੈਰ ਰੱਖਦਿਆਂ ਹੀ ਸ਼ਰਾਬ ਵਗੈਰਾ ਦੇ ਪੂਰੇ ਵੱਜਰੀ ਹੋ ਗਏ ਤੇ ਵਿਹਲੜ ਢਾਣੀਆਂ ਦਾ ਲੁਤਫ ਲੈਣ ਲੱਗੇ। ਇਸ ਤਰ੍ਹਾਂ ਬਹੁਤ ਸਾਰੀ ਜਾਇਦਾਦ ਹੱਥੋਂ ਜਾਣ ਲੱਗੀ, ਪਰ ਇਸ ਮਹਾਨ ਇਨਸਾਨ ਦੀ ਜ਼ਿੰਦਗੀ ਦਾ ਇਹ ਮੋੜ ਵੀ ਅੱਜ ਦੇ ਨੌਜਵਾਨਾਂ ਲਈ ਵਰਦਾਨ ਹੈ ਕਿ ਜੇਕਰ ਨਸ਼ੇ ਤੋਂ ਮੁਕਤੀ ਪ੍ਰਾਪਤ ਕਰਨੀ ਹੋਵੇ ਤਾਂ ਸਿਰਫ ਦ੍ਰਿੜ੍ਹ ਇਰਾਦੇ ਦੀ ਜ਼ਰੂਰਤ ਹੈ, ਔਖਾ ਕੁਝ ਨਹੀਂ। ਬਾਬਾ ਜੀ ਨੇੜਲੇ ਪਿੰਡ ਮੁਹਾਵਾ ਦੇ ਨਾਮਧਾਰੀ ਬਾਬਾ ਕੇਸਰ ਸਿੰਘ ਦੇ ਪ੍ਰਭਾਵ ਨਾਲ ਨਸ਼ੇ ਤੋਂ ਵੀ ਦੂਰ ਹੋਏ ਤੇ ਨਰੋਏ ਵਿਚਾਰਾਂ ਦੇ ਧਾਰਨੀ ਵੀ ਬਣਨ ਲੱਗੇ।

1896-97 'ਚ ਪਲੇਗ ਫੈਲਣ ਨਾਲ ਹੋਰਾਂ ਦੀ ਤਰ੍ਹਾਂ ਬਾਬਾ ਕੇਸਰ ਸਿੰਘ ਦੀ ਸਾਰਾ ਪਰਵਾਰ ਇਸ ਦੀ ਭੇਟ ਚੜ੍ਹ ਗਿਆ ਤਾਂ ਸਿਰਫ ਉਹਨਾਂ ਦੀ ਇੱਕ ਬੇਟੀ ਬਚੀ ਜਿਸਨੂੰ ਬਾਬਾ ਜੀ ਨੇ ਪਾਲਿਆ ਤੇ ਵਿਆਹਿਆ। ਬਾਬਲ ਕੇਸਰ ਸਿੰਘ ਦੇ ਚਲਾਣੇ ਤੋਂ ਬਾਅਦ ਨਾਮਧਾਰੀ ਪਰਚਾਰ ਦੀ ਜ਼ਿੰਮੇਵਾਰੀ ਇਲਾਕੇ ਵਿੱਚ ਆਪ ਜੀ ਨੇ ਸਾਂਭ ਲਈ। ਕਈ ਸਾਲ ਪਿੰਡ ਭਕਨੇ 'ਚ ਨਾਮਧਾਰੀ ਰੀਤ ਅਨੁਸਾਰ ਹੋਲਾ ਮਹੱਲਾ ਮਨਾਉਂਦੇ ਤੇ ਸਾਰਾ ਖਰਚਾ ਆਪ ਕਰਦੇ। ਇਸ ਤਰਾਂ ਖਰਚਾ ਬਹੁਤ ਵਧ ਗਿਆ ਤੇ ਜ਼ਮੀਨ ਗਹਿਣੇ ਪੈ ਗਈ। ਸਿਰਫ ਢਾਈ ਏਕੜ ਜ਼ਮੀਨ ਬਚੀ, ਜਿਸ ਤੋਂ ਗੁਜ਼ਾਰਾ ਹੋਣਾ ਮੁਸ਼ਕਲ ਸੀ। ਉਹਨਾਂ ਦਿਨਾਂ 'ਚ 3000/- ਰੁਪਏ ਦੇ ਕਰਜ਼ਾਈ ਵੀ ਹੋ ਗਏ ਸਨ। ਇਸ ਕਰਕੇ ਹੋਰ ਔਖੇ ਗੁਜ਼ਾਰੇ ਵਾਲੇ ਕਿਸਾਨਾਂ ਦੀ ਤਰ੍ਹਾਂ 1909 'ਚ 39 ਸਾਲ ਦੀ ਉਮਰੇ ਮਜ਼ਦੂਰੀ ਲਈ ਅਮਰੀਕਾ ਜਾਣ ਦਾ ਪਰੋਗਰਾਮ ਬਣਾ ਤੁਰ ਪਏ।

ਜਦ ਬਾਬਾ ਜੀ ਤੇ ਹੋਰ ਅਜਿਹੇ ਲੋਕ ਇਸ ਸਮੇਂ ਅਮਰੀਕਾ ਵੱਲ ਤੁਰੇ ਤਾਂ ਉਹਨਾਂ ਦੇ ਮਨਾ 'ਚ ਨਾਮਧਾਰੀ ਲਹਿਰ, ਪਗੜੀ ਸੰਭਾਲ ਜੱਟਾ ਆਦਿ ਲਹਿਰਾਂ ਦਾ ਕਾਫੀ ਪ੍ਰਭਾਵ ਸੀ। ਰਸਤੇ ਵਿੱਚ ਸਮੁੰਦਰੀ ਸਫਰ ਰਾਹੀਂ ਬਾਬਾ ਜੀ ਨੂੰ ਕੁਝ ਹੋਰ ਦੇਸ਼ਾਂ ਦੇ ਕਾਮੇ ਮਿਲੇ, ਇਹਨਾਂ ਵਾਂਗ ਹੀ ਰੁਜ਼ਗਾਰ ਲਈ ਅਮਰੀਕਾ ਜਾ ਰਹੇ ਸਨ, ਉਹ ਵੀ ਰਜਵਾੜਾਸ਼ਾਹੀ ਤੇ ਸਾਮਰਾਜੀ ਰਾਜ ਪ੍ਰਬੰਧ ਤੋਂ ਦੁਖੀ ਸਨ, ਜਿਨ੍ਹਾਂ ਚ ਰੂਸੀ, ਚੀਨੀ, ਜਪਾਨੀ ਆਦਿ ਸਨ। ਅਮਰੀਕਾ ਪਹੁੰਚਦਿਆਂ ਹੀ ਕੁਝ ਸਮੇਂ ਵਿੱਚ ਹੀ ਇਹਨਾਂ ਨੂੰ ਗੁਲਾਮੀ ਦਾ ਅਹਿਸਾਸ ਕਰਾਉਣ ਵਾਲੀਆਂ ਕਈ ਚੋਭਾਂ ਦਾ ਸਾਹਮਣਾ ਕਰਨਾ ਪਿਆ। ਅਜ਼ਾਦੀ ਦੀ ਗੁੜ੍ਹਤੀ 'ਚ ਜੰਮੇ ਪਲੇ ਬਾਬਾ ਭਕਨਾ ਜੀ ਤੇ ਇਹਨਾਂ ਵਰਗੇ ਕੁਝ ਹੋਰ ਚਿੰਤਕ ਯੋਧਿਆਂ ਨੇ ਭਾਰਤੀ ਪਿਛੋਕੜ ਵਾਲੇ ਮਜ਼ਦੂਰਾਂ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ। ਜਥੇਬੰਦੀ ਬਣਾਉਣ 'ਚ ਉੱਚ ਕੋਟੀ ਦੇ ਦਿਮਾਗੀ ਲਾਲਾ ਹਰਦਿਆਲ, ਮੌਲਵੀ ਬਰਕਤ ਉਲ੍ਹਾ, ਪੰਡਤ ਕਾਂਸ਼ੀ ਰਾਮ ਆਦਿ ਯੋਧੇ ਸਨ। ਅਮਰੀਕਾ ਵੀ ਆਪਣੇ ਹਿੱਤ ਅਨੁਸਾਰ ਅੰਗਰੇਜ਼ੀ ਸਾਮਰਾਜ ਦਾ ਵਿਰੋਧੀ ਸੀ, ਇਸ ਕਰਕੇ ਵੀ ਗਦਰ ਲਹਿਰ ਨੂੰ ਵਧਣ ਦਾ ਮੌਕਾ ਮਿਲਿਆ।

ਧੀਰਜ, ਸਿਰੜ, ਤੇ ਆਪਾ-ਵਾਰੂ ਬਿਰਤੀ ਦੇ ਮਾਲਕ ਬਾਬਾ ਸੋਹਣ ਸਿੰਘ ਭਕਨਾ ਜੀ ਇਸ ਸਿਰਲੱਥ ਇਨਕਲਾਬੀ ਲਹਿਰ ਦੇ ਕੇਂਦਰ ਬਿੰਦੂ ਬਣ ਗਏ ਤੇ ਹਮੇਸ਼ਾ ਰਹੇ। ਜਦੋਂ ਗਦਰ ਪਾਰਟੀ ਨੇ ਫੈਸਲਾ ਕਰ ਲਿਆ ਕਿ ਹੁਣ ਹਿੰਦੁਸਤਾਨ 'ਚ ਜਾ ਕੇ ਲੋਕਾਂ ਨੂੰ ਤੇ ਭਾਰਤੀ ਫੌਜੀਆਂ ਨੂੰ ਜਾਗਰੂਕ ਕਰਕੇ ਆਜ਼ਾਦੀ ਲਈ ਪ੍ਰੇਰਿਤ ਕੀਤਾ ਜਾਵੇ। ਇਹ ਕੰਮ ਗਦਰੀਆਂ ਨੇ ਅਮਰੀਕਾ 'ਚ ਖੁੱਲ੍ਹੇਆਮ ਕੀਤਾ ਤੇ ਪ੍ਰਚਾਰਿਆ, ਜਿਸ ਤੋਂ ਬ੍ਰਿਟਿਸ਼ ਸੀ ਆਈ ਡੀ ਬਹੁਤ ਸਤਰਕ ਹੋ ਗਈ। ਕਾਮਾਗਾਟਾਮਾਰੂ ਜਹਾਜ਼ ਦੇ ਸਤਾਏ ਮੁਸਾਫਰਾਂ ਦੀ ਵਾਪਸੀ 'ਤੇ ਬਾਬਾ ਜੀ ਦੀ ਡਿਊਟੀ ਲੱਗ ਗਈ ਕਿ ਉਹ ਜਹਾਜ਼ ਸਵਾਰ ਹੋ ਕੇ ਮੁਸਾਫਰਾਂ ਨੂੰ ਅਜ਼ਾਦੀ ਲਈ ਪ੍ਰੇਰਣ। ਬਾਬਾ ਜੀ ਮੁਸਾਫਰਾਂ ਨੂੰ ਗਦਰ ਸੰਦੇਸ਼ ਦੇਣ ਉਪਰੰਤ ਟੋਕੀਓ ਉੱਤਰ ਗਏ। ਉੱਥੋਂ ਬਾਬਾ ਜੀ ਸ਼ੰਘਾਈ ਗਏ ਤੇ ਬਾਬਾ ਗੁੱਜਰ ਸਿੰਘ ਭਕਨਾ ਨੂੰ ਤੀਹ ਸਾਥੀਆਂ ਸਮੇਤ ਭਾਰਤ ਵੱਲ ਬਗਾਵਤ ਕਰਨ ਲਈ ਤੋਰਿਆ। ਫਿਰ ਆਪ ਨੇ ਹਾਂਗਕਾਂਗ ਪ੍ਰਚਾਰ ਕਰਕੇ ਪੀਕਿੰਗ ਤੋਂ ਹਥਿਆਰ ਮੰਗਵਾਏ। ਬਾਬਾ ਜੀ ਰਸਤੇ ਵਿੱਚ ਹੀ ਸਨ ਕਿ ਕਾਮਾਗਾਟਾਮਾਰੂ ਦੁਖਾਂਤ ਦਾ ਪਤਾ ਲੱਗਣ 'ਤੇ ਬਹੁਤ ਦੁਖੀ ਹੋਏ।

ਬ੍ਰਿਟਿਸ਼ ਸਰਕਾਰ ਦੀ ਸਤਰਕ ਗੁਪਤ ਏਜੰਸੀ ਦੀ ਸੂਹ 'ਤੇ ਬਾਬਾ ਸੋਹਣ ਸਿੰਘ ਭਕਨਾ 13 ਅਕਤੂਬਰ 1914 ਨੂੰ 'ਨਾਮਸਾਂਗ ਜਹਾਜ਼' ਤੋਂ ਉੱਤਰਦਿਆਂ ਹੀ ਕਲਕੱਤੇ ਫੜੇ ਗਏ। ਹੁਣ ਸਰਕਾਰ ਨੇ ਬਾਬਾ ਜੀ ਨੂੰ ਲੁਧਿਆਣਾ ਪੁੱਛ-ਗਿੱਛ ਕੇਂਦਰ ਲਿਆਂਦਾ ਗਿਆ।

ਇੱਥੇ ਵੀ ਦੱਸਣਾ ਬਣਦਾ ਹੈ ਕਿ ਫਿਰ ਵੀ ਗਦਰੀ ਯੋਧਿਆਂ ਨੇ ਪੂਰੀ ਤਿਆਰੀ ਕਰਕੇ 21 ਫਰਵਰੀ 1915 ਦਾ ਦਿਨ ਸਾਰੇ ਭਾਰਤ 'ਚ ਗਦਰ ਕਰਨ ਲਈ ਮਿਥ ਦਿੱਤਾ। ਜੋ ਘਰ ਦੇ ਭੇਤੀ ਕਿਰਪਾਲ ਸਿੰਘ ਦੀ ਸੂਹ ਨਾਲ ਸਰਕਾਰ ਨੂੰ ਪਤਾ ਲੱਗ ਗਿਆ, ਫਿਰ 19 ਫਰਵਰੀ ਦਾ ਦਿਨ ਮਿਥਿਆ ਗਿਆ, ਉਹ ਵੀ ਸਰਕਾਰ ਨੂੰ ਪਤਾ ਲੱਗ ਗਿਆ ਤੇ ਬਗਾਵਤ ਫੇਲ੍ਹ ਕਰ ਦਿੱਤੀ ਗਈ।

ਸਰਾਭਾ ਸਮੇਤ ਬਹੁਤ ਸਾਰੇ ਗਦਰੀ ਫੜੇ ਗਏ। ਲੁਧਿਆਣਾ ਜੇਲ੍ਹ ਤੋਂ ਬਾਅਦ ਬਾਬਾ ਜੀ ਨੂੰ ਮੁਲਤਾਨ ਜੇਲ੍ਹ ਭੇਜ ਦਿੱਤਾ। ਬਾਬਾ ਜੀ ਦੀ ਕੋਠੜੀ ਸਾਹਮਣੇ ਫਾਂਸੀ ਘਰ ਸੀ, ਜਿੱਥੇ ਲੋਕ ਫਾਂਸੀ ਲਾਏ ਜਾਂਦੇ ਸਨ। ਪਰ ਬਾਬਾ ਜੀ ਫਿਰ ਵੀ ਚੜ੍ਹਦੀ ਕਲਾ 'ਚ ਸਨ। ਇੱਥੇ ਡਿਪਟੀ ਸੁਪਰਡੈਂਟ ਸੁੱਖਾ ਸਿੰਘ ਨੇ ਬਾਬਾ ਭਕਨਾ ਜੀ ਤੋਂ ਸਾਰੀ ਸੂਹ ਲੈਣ ਦਾ ਸਿਰਤੋੜ ਯਤਨ ਕੀਤਾ, ਪਰ ਭਕਨਾ ਜੀ ਦੇ ਸਿਰੜ ਅੱਗੇ ਉਹਦੀ ਕੋਈ ਪੇਸ਼ ਨਾ ਗਈ।

ਫਿਰ ਬਾਬਾ ਭਕਨਾ ਜੀ ਤੇ ਹੋਰ ਪ੍ਰਮੁੱਖ ਗਦਰੀ ਦੇਸ਼ ਭਗਤਾਂ ਨੂੰ ਲਾਹੌਰ ਸੈਂਟਰਲ ਜੇਲ੍ਹ 'ਚ ਇੱਕਠੇ ਕੀਤਾ ਤੇ ਇੱਥੇ ਹੀ ਸਪੈਸ਼ਲ ਅਦਾਲਤ ਬਣਾ ਕੇ ਕੇਸ ਚਲਾਇਆ ਗਿਆ। 13 ਸਤੰਬਰ 1915 ਨੂੰ ਬਾਬਾ ਭਕਨਾ ਸਮੇਤ ਹੋਰ 24 ਗਦਰੀਆਂ ਨੂੰ ਫਾਂਸੀ, 27 ਨੂੰ ਉਮਰ ਕੈਦ ਤੇ 7 ਨੂੰ ਘੱਟ ਸਜ਼ਾਵਾਂ ਕੀਤੀਆਂ ਗਈਆਂ।

ਜਿਸ ਦਿਨ ਫਾਂਸੀ ਲੱਗਣੀ ਸੀ, ਉਸ ਦਿਨ ਸਭ ਗਦਰੀ ਯੋਧੇ ਚੜ੍ਹਦੀ ਕਲਾ 'ਚ ਕੌਮੀ ਗੀਤ ਗਾ ਰਹੇ ਸਨ। ਫਾਂਸੀ ਦਾ ਸਮਾਂ ਲੇਟ ਹੁੰਦਾ ਗਿਆ। ਫਿਰ ਹੁਕਮ ਹੋਇਆ ਕਿ 24 ਵਿੱਚੋਂ 17 ਦੀ ਫਾਂਸੀ ਟੁੱਟ ਕੇ ਉਮਰ ਕੈਦ ਵਿੱਚ ਬਦਲ ਗਈ ਹੈ, ਜਿਹਨਾਂ ਵਿੱਚ ਬਾਬਾ ਭਕਨਾ ਵੀ ਸਨ। ਬਾਬਾ ਭਕਨਾ ਜੀ ਤੇ ਹੋਰ ਗਦਰੀ ਸੂਰਬੀਰਾਂ ਨੂੰ ਅੰਡੇਮਾਨ ਦੀ ਕਾਲੇਪਾਣੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਉੱਥੇ ਬਾਬਾ ਭਕਨਾ ਜੀ ਸਮੇਤ ਹੋਰ ਗਦਰੀ ਯੋਧਿਆਂ 'ਤੇ ਬਹੁਤ ਜ਼ੁਲਮ ਹੁੰਦੇ ਸਨ। ਬਾਬਾ ਭਕਨਾ ਜੀ ਨੇ ਜ਼ੁਲਮਾਂ ਵਿਰੁੱਧ ਭੁੱਖ ਹੜਤਾਲ ਕਰ ਦਿੱਤੀ। 1927 ਦੇ ਅਖੀਰ 'ਚ ਬਾਬਾ ਭਕਨਾ ਜੀ ਤੇ ਕੇਸਰ ਸਿੰਘ ਠੱਠਗੜ੍ਹ ਨੂੰ ਲਾਹੌਰ ਸੈਂਟਰਲ ਜੇਲ੍ਹ ਭੇਜ ਦਿੱਤਾ। ਇੱਥੇ ਵੀ ਬਾਬਾ ਜੀ ਨੇ ਊਚ-ਨੀਚ ਵਾਲੇ ਵੱਖੋ-ਵੱਖਰੇ ਲੰਗਰ ਪ੍ਰਬੰਧ ਵਿਰੁੱਧ ਸੰਘਰਸ਼ ਕਰਕੇ ਜਿੱਤ ਪ੍ਰਾਪਤ ਕੀਤੀ। ਸਭ ਲਈ ਲੰਗਰ ਇੱਕ ਜਗ੍ਹਾ ਕਰਾਇਆ।

ਇਸ ਜੇਲ੍ਹ 'ਚ ਹੀ ਬਾਬਾ ਭਕਨਾ ਜੀ ਦਾ ਮੇਲ ਭਗਤ ਸਿੰਘ ਤੇ ਹੋਰ ਦੇਸ਼ ਭਗਤਾਂ ਨਾਲ ਹੋਇਆ। ਇਸ ਜੇਲ੍ਹ ਵਿੱਚ ਵੀ ਬਾਬਾ ਜੀ ਉਸੇ ਤਰ੍ਹਾਂ ਸੰਘਰਸ਼ਸ਼ੀਲ ਰਹੇ। ਜੁਲਾਈ 1930 ਨੂੰ ਬਣਦੀ ਕੈਦ ਤੋਂ ਵੱਧ ਕੈਦ ਕੱਟ ਕੇ ਬਾਬਾ ਜੀ ਨੂੰ ਰਿਹਾ ਕੀਤਾ ਗਿਆ। ਰਿਹਾਈ ਸਮੇਂ ਬਾਬਾ ਜੀ ਦੀ ਸਿਹਤ ਬੇਹੱਦ ਕਮਜ਼ੋਰ ਸੀ। ਫਿਰ ਕੁਝ ਦਿਨ ਇਲਾਜ ਉਪਰੰਤ ਥਾਂ-ਥਾਂ ਵੱਡੇ ਸਵਾਗਤ ਨਾਲ ਪਿੰਡ ਪਹੁੰਚੇ। ਘਰ ਵਾਪਸੀ ਵੇਲੇ ਦਾਦੀ ਮਾਂ ਤੇ ਧਰਮ ਮਾਤਾ ਚਲਾਣਾ ਕਰ ਚੁੱਕੀਆਂ ਸਨ ਸਿਰਫ ਇੱਕਲੀ ਪਤਨੀ ਹੀ ਬਾਕੀ ਸੀ। ਪਿੰਡ 'ਚ ਭਾਰੀ ਇਕੱਠ ਕਰਕੇ ਬਾਬਾ ਭਕਨਾ ਦਾ ਬਹੁਤ ਨਿੱਘਾ ਸਵਾਗਤ ਕੀਤਾ ਗਿਆ।

ਸਿਹਤ ਕੁਝ ਠੀਕ ਹੋਣ 'ਤੇ ਕਾਂਗਰਸ ਦੇ ਝੰਡੇ ਹੇਠ ਅਜ਼ਾਦੀ ਦੀ ਲੜਾਈ ਵਿੱਚ ਜੁੱਟ ਗਏ। ਬਾਬਾ ਜੀ ਨੇ ਨੌਜਵਾਨਾਂ ਨੂੰ ਇਨਕਲਾਬੀ ਬਣਾਉਣ ਵਾਸਤੇ ਉਪਰਾਲਾ ਕਰਦਿਆਂ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਾਹਮਣੇ ਇੱਕ ਖੁੱਲ੍ਹਾ ਮਕਾਨ ਖਰੀਦ ਲਿਆ ਤੇ ਉੱਥੇ ਦੁੱਧ-ਦਹੀਂ ਦਾ ਕੰਮ ਸ਼ੁਰੂ ਕਰਵਾ ਦਿੱਤਾ। ਸਰਕਾਰ ਨੂੰ ਇਹ ਵਿਦਰੋਹ ਦਾ ਅੱਡਾ ਵੱਡਾ ਹੁੰਦਾ ਦਿੱਸਣ ਲੱਗਾ ਤਾਂ ਸਰਕਾਰ ਨੇ ਆਨੇ-ਬਹਾਨੇ ਬਾਬਾ ਜੀ ਨੂੰ ਫਿਰ ਤਿੰਨ ਮਹੀਨੇ ਜੇਲ੍ਹ ਭੇਜ ਦਿੱਤਾ।

ਜੇਲ੍ਹਾਂ 'ਚ ਬੰਦ ਦੇਸ਼ ਭਗਤਾਂ ਜਿਹਨਾਂ ਦੀ ਜਾਇਦਾਦ ਵੀ ਜ਼ਬਤ ਹੋ ਚੁੱਕੀ ਸੀ,ਦੇ ਬੱਚਿਆਂ ਨੂੰ ਸਾਂਭਣ ਲਈ ਕਿਰਤੀ ਕਿਸਾਨ ਆਸ਼ਰਮ ਦੀ ਸਥਾਪਨਾ ਕੀਤੀ। ਇੱਥੇ ਬੱਚਿਆਂ ਨੂੰ ਰੱਖਿਆ ਤੇ ਉਹਨਾਂ ਦੀ ਪੜ੍ਹਾਈ ਦਾ ਪ੍ਰਬੰਧ ਵੀ ਕੀਤਾ। ਪਾਲਣ-ਪੋਸ਼ਣ ਲਈ ਸਤਾਰਾਂ ਵਿਘੇ 'ਚ ਸਾਂਝੀ ਖੇਤੀ ਕੀਤੀ। ਬੱਚਿਆਂ ਨੂੰ ਖੇਤੀ ਤੇ ਹੋਰ ਕੰਮ ਸਿਖਾਏ ਜਾਂਦੇ। 1933 'ਚ ਪੰਜਾਬ ਕਿਸਾਨ ਸਭਾ ਦਾ ਪ੍ਰਧਾਨ ਬਣਾ ਦਿੱਤਾ ਗਿਆ। ਕਿਸਾਨਾਂ, ਮਜ਼ਦੂਰਾਂ ਨੂੰ ਜਥੇਬੰਦ ਕਰਨ ਲਈ ਆਪ ਨੇ ਕਾਂਗਰਸ ਛੱਡ ਦਿੱਤੀ। ਕਿਸਾਨ ਲਹਿਰ ਤਕੜੀ ਹੋ ਰਹੀ ਸੀ। ਬੁੱਢੇ ਸਰੀਰ 'ਤੇ ਵੀ ਪੁਲਸ ਦੀਆਂ ਡਾਂਗਾਂ ਖਾਧੀਆਂ। 1939 'ਚ ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਸਵਾਮੀ ਸ਼ਰਧਾਨੰਦ (ਬਿਹਾਰ) ਨੂੰ ਅੰਗਰੇਜ਼ੀ ਸਰਕਾਰ ਨੇ ਗ੍ਰਿਫ਼ਤਾਰ ਕਰ ਲਿਆ। ਉਸ ਦੀ ਥਾਂ ਬਾਬਾ ਭਕਨਾ ਜੀ ਨੂੰ ਸਭਾ ਦਾ ਕੌਮੀ ਪ੍ਰਧਾਨ ਬਣਾਇਆ ਗਿਆ। ਬਾਬਾ ਜੀ ਸਾਰੇ ਦੇਸ਼ 'ਚ ਪ੍ਰਚਾਰ ਲਈ ਨਿਕਲ ਪਏ ਤੇ, ਬਨਾਰਸ ਵਿੱਚ ਫਿਰ ਗ੍ਰਿਫਤਾਰ ਕਰ ਲੈ ਗਏ।

1943 'ਚ ਕੁੱਲ ਹਿੰਦ ਕਿਸਾਨ ਸਭਾ ਦਾ ਕੌਮੀ ਅਜਲਾਸ ਪਿੰਡ ਭਕਨਾ ਵਿਖੇ ਰੱਖਿਆ ਗਿਆ। ਲੋਕ ਰੋਹ ਤੋਂ ਡਰਦਿਆਂ ਸਰਕਾਰ ਨੇ ਅਜਲਾਸ ਮੌਕੇ ਬਾਬਾ ਜੀ ਨੂੰ ਰਿਹਾ ਕਰ ਦਿੱਤਾ। ਬਾਬਾ ਜੀ ਦਾ ਖਾਸਾ ਰੇਲਵੇ ਸਟੇਸ਼ਨ ਤੋਂ ਲੈ ਕੇ ਭਕਨਾ ਤੱਕ ਬਹੁਤ ਵੱਡਾ ਸੁਆਗਤ ਹੋਇਆ। ਕਿਸਾਨ ਸਭਾ ਦੀ ਕਾਨਫਰੰਸ ਵੀ ਬੇਮਿਸਾਲ ਹੋਈ।

ਅਜ਼ਾਦੀ ਦੇ ਐਲਾਨ ਦੇ ਨਾਲ ਹੀ ਦੇਸ਼ ਵੰਡ ਦਾ ਕਹਿਰ ਪੰਜਾਬ 'ਤੇ ਢਹਿ ਪਿਆ। ਫਸਾਦ ਸ਼ੁਰੂ ਹੋ ਗਏ। ਬਾਬਾ ਜੀ ਆਪਣੇ ਪਿੰਡ ਵਿੱਚ ਹੀ ਸਨ। ਬਾਬਾ ਜੀ ਬਹੁਤ ਦੁਖੀ ਸਨ। ਉਹਨਾ ਮੁਸਲਮਾਨਾਂ ਨੂੰ ਬਚਾ ਕੇ ਭਾਰਤ ਵਿੱਚ ਰੱਖਣ ਦੀ ਵ

4-JAN-PAGE-10.qxd 1/3/2023 10:30 PM Page 1

ਨਰੇਗਾ ਮਜ਼ਦੂਰਾਂ ਵੱਲੋਂ ਮਿਹਨਤਾਨੇ ਨੂੰ ਲੈ ਕੇ ਏ ਡੀ ਸੀ ਦਫਤਰ ਅੱਗੇ ਧਰਨਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ, ਕੁਲਭੂਸ਼ਣ, ਪੂਜਾ)-ਦਿਹਾਤੀ ਮਜ਼ਦੂਰ ਸਭਾ ਦੀ ਅਗਵਾਈ ਹੇਠ ਸੈਂਕੜੇ ਨਰੇਗਾ ਮਜ਼ਦੂਰਾਂ ਨੇ ਏ ਡੀ ਸੀ ਵਿਕਾਸ ਦੇ ਦਫਤਰ ਅੱਗੇ ਰੋਹ ਭਰਪੂਰ ਧਰਨਾ ਪ੍ਰਦਰਸ਼ਨ ਕੀਤਾ ਤੇ ਨਰੇਗਾ ਅਧਿਕਾਰੀਆਂ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਮਜ਼ਦੂਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਮਦਰੱਸਾ ਤੇ ਪਿੰਡ ਇਕਾਈ ਚੱਕ ਮਦਰੱਸਾ ਦੇ ਆਗੂਆਂ ਗੁਰਪ੍ਰੀਤ ਸਿੰਘ, ਮੰਦਰ ਸਿੰਘ ਇਕਬਾਲ ਸਿੰਘ ਤੇ ਛਿੰਦਰਪਾਲ ਸਿੰਘ ਪਿੰਡ ਜੌਡੋਕੇ ਇਕਾਈ ਦੇ ਆਗੂਆਂ ਜਥੇਦਾਰ ਜਸਵਿੰਦਰ ਸਿੰਘ ਛਿੰਦਾ, ਪ੍ਰਭਜੀਤ ਸਿੰਘ ਤੇ ਰੇਸ਼ਮਾ ਕੌਰ ਨੇ ਕਿਹਾ ਕਿ ਨਰੇਗਾ ਕਾਨੂੰਨ ਮੁਤਾਬਕ ਮਜ਼ਦੂਰਾਂ ਨੂੰ 100 ਦਿਨ ਕੰਮ ਦੇਣਾ ਹੁੰਦਾ ਹੈ, ਪਰ ਜ਼ਿਲ੍ਹੇ ਦੇ ਕਿਸੇ ਪਿੰਡ ਵਿੱਚ ਸੌ ਦਿਨ ਕੰਮ ਦਿੱਤਾ ਜਾਂਦਾ ਅਤੇ ਕੀਤੇ ਕੰਮ ਦਾ ਮਿਹਨਤਾਨਾ ਸਮੇਂ ਸਿਰ ਨਹੀਂ ਮਿਲਦਾ ਅਤੇ ਕੀਤੇ ਕੰਮਾਂ ਦੀ ਦਿਹਾੜੀ ਵੀ ਪੂਰੀ ਨਹੀਂ ਦਿੱਤੀ ਜਾਂਦੀ, ਜਿਸ ਦੀ ਮਿਸਾਲ ਪਿੰਡ ਚੱਕ ਮਦਰੱਸਾ 'ਚ ਮਜ਼ਦੂਰਾਂ ਦੀ ਦਿਹਾੜੀ 183 ਰੁਪਏ ਦੀ ਬਜਾਏ 99 ਰੁਪਏ ਹੀ ਜਾਰੀ ਕੀਤੇ ਗਏ ਅਤੇ ਜੌਡੋਕੇ ਦੇ ਮਜ਼ਦੂਰਾਂ ਨੂੰ ਕੰਮ ਦੇਣ ਤੋਂ ਆਨਾ-ਕਾਨੀ ਕੀਤੀ ਜਾ ਰਹੀ ਹੈ, ਜਿਸ ਦਾ ਮਜ਼ਦੂਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਕਤ ਆਗੂਆਂ ਨੇ ਕਿਹਾ ਕਿ ਨਰੇਗਾ ਸਕੀਮ ਅਧੀਨ ਸਾਰੇ ਪਰਿਵਾਰ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ, ਦਿਹਾੜੀ 700 ਰੁਪਏ ਦਿੱਤੀ ਜਾਵੇ, ਕੰਮ ਨਾ ਦੇਣ ਸੂਰਤ ਵਿੱਚ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ, ਨਰੇਗਾ ਵਿੱਚ ਸਿਆਸੀ ਦਖਲ ਅੰਦਾਜ਼ੀ ਬੰਦ ਕੀਤੀ ਜਾਵੇ। ਇਸ ਮੌਕੇ ਮਜ਼ਦੂਰਾਂ ਨੇ ਨਰੇਗਾ ਅਧਿਕਾਰੀਆਂ ਖਿਲਾਫ ਜੰਮ ਕੇ ਨਾਹਰੇਬਾਜ਼ੀ ਕੀਤੀ ਤੇ ਬਾਅਦ ਵਿੱਚ ਏ ਡੀ ਸੀ ਵਿਕਾਸ ਨੂੰ ਮੰਗ ਪੱਤਰ ਸੌਂਪਿਆ ਗਿਆ ਅਤੇ ਵਿਸ਼ਵਾਸ ਦੁਆਇਆ ਗਿਆ ਕਿ ਨਰੇਗਾ ਮਜ਼ਦੂਰਾਂ ਦੇ ਮਸਲੇ ਛੇਤੀ ਹੱਲ ਕਰ ਦਿੱਤੇ ਜਾਣਗੇ।

ਗੁਰੂ ਨਾਨਕ ਸਰਾਏ ਨੂੰ ਖਾਲੀ ਕਰਾਉਣ ਲਈ ਡੀ ਸੀ ਨੂੰ ਦਿੱਤਾ ਯਾਦ ਪੱਤਰ

ਸੰਗਰੂਰ (ਪ੍ਰਵੀਨ ਸਿੰਘ)

ਲੋਕ ਭਲਾਈ ਸੰਘਰਸ਼ ਸੁਸਾਇਟੀ ਪੰਜਾਬ ਦੇ ਸੂਬਾਈ ਪ੍ਰਧਾਨ ਗੁਰਨਾਮ ਸਿੰਘ ਭਿੰਡਰ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਸਰਾਏ ਨੂੰ ਖਾਲੀ ਕਰਾਉਣ ਲਈ ਰੱਖੇ ਮਰਨ ਵਰਤ ਨੂੰ ਤੜਾਉਣ ਸਮੇਂ ਇਹ ਵਾਅਦਾ ਕੀਤਾ ਗਿਆ ਸੀ ਕਿ ਇਹ ਸਰਾਏ ਜਲਦੀ ਖਾਲੀ ਕਰਾ ਦਿੱਤੀ ਜਾਵੇਗੀ।

ਉਨ੍ਹਾ ਕਿਹਾ ਕਿ ਮਰਨ ਵਰਤ ਤੜਾਉਣ ਵੇਲੇ ਸਿਰਫ ਇੱਕ ਮੰਗ ਪੂਰੀ ਹੋਈ। ਨਸ਼ਾ ਛੁਡਾਊ ਕੇਂਦਰ ਵਿੱਚੋਂ ਮੋਹਨ ਸ਼ਰਮਾ ਨੂੰ ਬਾਹਰ ਕਰ ਦਿੱਤਾ, ਪਰ ਨਸ਼ਾ ਛੁਡਾਊ ਕੇਂਦਰ ਅੱਜ ਵੀ ਸਰਾਏ ਵਿੱਚ ਚੱਲ ਰਿਹਾ ਹੈ। ਗੁਰਨਾਮ ਸਿੰਘ ਭਿੰਡਰ ਤੇ ਨੋਬਲ ਹੈਲਪਿੰਗ ਹੈਂਡਜ਼ ਫੈਡਰੇਸ਼ਨ ਸੰਗਰੂਰ ਦੇ ਪ੍ਰਧਾਨ ਸਤਿੰਦਰ ਸੈਣੀ ਨੇ ਕਿਹਾ ਕਿ ਪ੍ਰਸ਼ਾਸਨ ਆਪਣੇ ਕੀਤੇ ਵਾਅਦੇ ਨੂੰ ਨਿਭਾਵੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਵਾਅਦਾ ਨਾ ਨਿਭਾਉਣ ਕਾਰਨ ਹੀ ਸਾਨੂੰ ਅੱਜ ਸੰਕੇਤਕ ਧਰਨਾ ਦੇਣਾ ਪਿਆ। ਉਨ੍ਹਾਂ ਕਿਹਾ ਕਿ ਜੇਕਰ ਪ੍ਰਸ਼ਾਸਨ ਨੇ ਸਰਾਏ ਨੂੰ ਖਾਲੀ ਨਾ ਕਰਾਇਆ ਤੇ ਢਿੱਲ-ਮੱਠ ਦੀ ਨੀਤੀ ਅਪਣਾਈ ਤਾਂ ਅਸੀਂ ਮੁੜ ਸੰਘਰਸ਼ ਕਰਾਂਗੇ।

ਸ਼ਬਦ ਚੌਕੀ ਸੇਵਕ ਜਥੇ ਵੱਲੋਂ ਵਿਧਾਇਕ ਤੇ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਸਨਮਾਨ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ਼ਬਦ ਚੌਕੀ ਸੇਵਕ ਜਥਾ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵੱਲੋਂ ਸ਼ਹੀਦੀ ਜੋੜ ਮੇਲ ਦੇ ਵਧੀਆ ਪ੍ਰਬੰਧਨ ਲਈ ਵਿਧਾਇਕ ਲਖਵੀਰ ਸਿੰਘ ਰਾਏ, ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿੱਲ ਅਤੇ ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਵਿਧਾਇਕ ਲਖਵੀਰ ਸਿੰਘ ਰਾਏ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਸ਼ਹੀਦੀ ਜੋੜ ਮੇਲ ਦੇ ਪ੍ਰਬੰਧ ਲਈ ਪੂਰੀ ਉਤਸੁਕਤਾ ਦਿਖਾਈ ਗਈ ਹੈ। ਸਰਕਾਰ ਦਾ ਉਦੇਸ਼ ਸੀ ਕਿ ਫਤਿਹਗੜ੍ਹ ਸਾਹਿਬ ਪਹੁੰਚਣ ਵਾਲੀ ਸੰਗਤ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਆਵੇ, ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੰਗਤ ਦੀ ਸਹੂਲਤ ਲਈ ਹਰ ਤਰ੍ਹਾਂ ਦਾ ਪ੍ਰਬੰਧ ਕੀਤਾ ਗਿਆ ਸੀ। ਜਿਸ ਦੀ ਇਲਾਕੇ ਦੇ ਵਿੱਚ ਖੂਬ ਪ੍ਰਸੰਸਾ ਹੋ ਰਹੀ ਹੈ। ਡਿਪਟੀ ਕਮਿਸ਼ਨਰ ਪਰਨੀਤ ਸੇਰਗਿੱਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਬਦ ਚੌਕੀ ਸੇਵਕ ਜਥੇ ਵੱਲੋਂ ਜੋ ਮਾਣ-ਸਤਿਕਾਰ ਕੀਤਾ ਗਿਆ ਹੈ, ਉਸ ਲਈ ਉਹ ਹਮੇਸ਼ਾ ਰਿਣੀ ਰਹਿਣਗੇ। ਇਸ ਮਾਣ ਸਤਿਕਾਰ ਦੇ ਨਾਲ ਉਨ੍ਹਾਂ ਦੀ ਜ਼ਿੰਮੇਵਾਰੀ ਹੋਰ ਵਧ ਜਾਂਦੀ ਹੈ। ਉਹ ਕੋਸ਼ਿਸ਼ ਕਰਨਗੇ ਕਿ ਸ਼ਹੀਦਾਂ ਦੀ ਧਰਤੀ 'ਤੇ ਸੇਵਾ ਕਰਦਿਆਂ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਆਵੇ। ਉਨ੍ਹਾਂ ਦੀ ਪੂਰੀ ਕੋਸ਼ਿਸ਼ ਹੋਵੇਗੀ ਕਿ ਆਉਣ ਵਾਲੇ ਸਾਲਾਂ ਵਿੱਚ ਇਸ ਨਾਲੋਂ ਵੀ ਵਧੀਆ ਪ੍ਰਬੰਧ ਕੀਤੇ ਜਾਣ। ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਨੇ ਸੰਸਥਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਿਭਾਗ ਵੱਲੋਂ ਪਹਿਲਾਂ ਹੀ ਹਦਾਇਤਾਂ ਸਨ ਕਿ ਸੰਗਤ ਦੇ ਨਾਲ ਕਿਸੇ ਤਰ੍ਹਾਂ ਦਾ ਬੁਰਾ ਬਰਤਾਓ ਨਾ ਕੀਤਾ ਜਾਵੇ। ਪੁਲਸ ਮੁਲਾਜ਼ਮਾਂ ਵੱਲੋਂ ਇਸ ਨੂੰ ਡਿਊਟੀ ਨਾ ਸਮਝਦੇ ਹੋਏ ਸੇਵਾ ਵਜੋਂ ਕੰਮ ਕੀਤਾ ਗਿਆ ਹੈ। ਹਰ ਸ਼ਰਧਾਲੂ ਦਾ ਸਤਿਕਾਰ ਕੀਤਾ ਗਿਆ। ਸ਼ਬਦ ਚੌਕੀ ਸੇਵਕ ਜਥੇ ਦੇ ਜਰਨਲ ਸਕੱਤਰ ਪਰਮਜੀਤ ਸਿੰਘ ਨੇ ਕਿਹਾ ਕਿ ਸ਼ਹੀਦੀ ਜੋੜ ਮੇਲ ਦੇ ਪ੍ਰਬੰਧ ਵਿੱਚ ਡਿਪਟੀ ਕਮਿਸ਼ਨਰ ਫਤਹਿਗੜ੍ਹ ਸਾਹਿਬ, ਜ਼ਿਲ੍ਹਾ ਪਲਸ ਮੁਖੀ ਅਤੇ ਹਲਕਾ ਵਿਧਾਇਕ ਵੱਲੋਂ ਬਹੁਤ ਵਧੀਆ ਸੇਵਾਵਾਂ ਨਿਭਾਈਆਂ ਗਈਆਂ , ਜਿਸ ਕਾਰਨ ਸੰਸਥਾ ਵੱਲੋਂ ਉਨ੍ਹਾਂ ਦਾ ਮਾਣ-ਸਤਿਕਾਰ ਕੀਤਾ ਜਾ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਬੰਸ ਬੈਂਸ ਡੀ ਐਸ ਪੀ, ਸ਼ਬਦ ਚੌਕੀ ਸੇਵਕ ਜਥੇ ਦੇ ਪ੍ਰਧਾਨ ਅਤੇ ਤਜਿੰਦਰ ਸਿੰਘ, ਜਨਰਲ ਸਕੱਤਰ ਪਰਮਜੀਤ ਸਿੰਘ,ਜਸਬੀਰ ਸਿੰਘ ਚੱਢਾ, ਮਨਜੀਤ ਸਿੰਘ, ਕੁਲਦੀਪ ਸਿੰਘ ਘੁੰਮਣ, ਹਰਮੀਤ ਸਿੰਘ ਬੱਤਰਾ, ਦਵਿੰਦਰ ਸਿੰਘ, ਕੁਲਦੀਪ ਸਿੰਘ, ਕੈਪਟਨ ਦਰਬਾਰਾ ਸਿੰਘ, ਸਤੀਸ਼ ਲਟੌਰ, ਮਾਨਵ ਟਿਵਾਣਾ ਆਦਿ ਵੀ ਹਾਜ਼ਰ ਸਨ।

ਕਾਤਰਾਂ

ਬਾਬਾ ਮੋਨੀ ਜੀ ਕਾਲਜ ਦਾ ਬੀ ਸੀ ਏ ਭਾਗ-ਦੂਜਾ ਦਾ ਨਤੀਜਾ ਸੌ ਫੀਸਦੀ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਪੰਜਾਬੀ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਬੀ ਸੀ ਏ ਭਾਗ-ਦੂਜਾ (ਸਮੈਸਟਰ-ਚੌਥਾ) ਦੇ ਨਤੀਜੇ 'ਚੋਂ ਬਾਬਾ ਮੋਨੀ ਜੀ ਡਿਗਰੀ ਕਾਲਜ ਲਹਿਰਾ ਮੁਹੱਬਤ ਦਾ ਨਤੀਜਾ ਸੌ ਫੀਸਦੀ ਰਿਹਾ। ਕਾਲਜ ਦੀਆਂ ਵਿਦਿਆਰਥਣਾਂ ਜਸਪ੍ਰੀਤ ਕੌਰ ਪੁੱਤਰੀ ਨਿਰਮਲ ਸਿੰਘ 'ਲਹਿਰਾ ਸੌਂਧਾ' ਨੇ ਪਹਿਲਾ, ਨਵਜੋਤ ਕੌਰ ਪੁੱਤਰੀ ਗੁਰਜਿੱਤ ਸਿੰਘ 'ਲਹਿਰਾ ਮੁਹੱਬਤ' ਨੇ ਦੂਜਾ ਤੇ ਹਰਦੀਪ ਕੌਰ ਪੁੱਤਰੀ ਅਮਰ ਸਿੰਘ 'ਪੂਹਲਾ' ਨੇ ਤੀਜਾ ਸਥਾਨ ਹਾਸਲ ਕਰਕੇ ਕਾਲਜ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਬਾਕੀ ਸਾਰੀਆਂ ਵਿਦਿਆਰਥਣਾਂ ਨੇ ਪਹਿਲੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ। ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾਂ ਤੇ ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ ਨੇ ਵਿਦਿਆਰਥੀਆਂ ਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਅਮਨਿੰਦਰ ਕੌਰ ਤੇ ਐਜੂਕੇਸ਼ਨ ਵਿਭਾਗ ਦੇ ਵਾਈਸ ਪ੍ਰਿੰਸੀਪਲ ਦਿਨੇਸ਼ ਕੁਮਾਰ ਨੇ ਸ਼ੁੱਭ-ਕਾਮਨਾਵਾਂ ਦਿੰਦਿਆਂ ਵਿਦਿਆਰਥਣਾਂ ਨੂੰ ਹੋਰ ਵਧੇਰੇ ਮਿਹਨਤ ਕਰਕੇ ਤਰੱਕੀਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋ. ਹਰਪਿੰਦਰ ਕੌਰ, ਪ੍ਰੋ. ਹਰਮਨਪ੍ਰੀਤ ਕੌਰ, ਪ੍ਰੋ. ਵਰਦੀਪ ਕੌਰ, ਪ੍ਰੋ. ਰਮਨਦੀਪ ਕੌਰ, ਪ੍ਰੋ. ਪ੍ਰਦੀਪ ਕੌਰ, ਪ੍ਰੋ. ਰਣਜੀਤ ਕੌਰ, ਪ੍ਰੋ. ਵਰਿੰਦਰ ਸਿੰਘ, ਪ੍ਰੋ. ਕੁਲਦੀਪ ਕੌਰ, ਪ੍ਰੋ. ਮੋਨਿਕਾ ਗਰਗ, ਪ੍ਰੋ. ਦਲਜੀਤ ਕੌਰ, ਪ੍ਰੋ. ਗੁਰਪ੍ਰੀਤ ਕੌਰ (ਕੰਪਿਊਟਰ) ਤੇ ਪ੍ਰੋ. ਗੁਰਪ੍ਰੀਤ ਕੌਰ ਆਦਿ ਸਟਾਫ ਮੈਂਬਰ ਹਾਜ਼ਰ ਸਨ।

ਇੰਗਲਿਸ਼ ਸਟੂਡੀਓ ਨੇ ਤਿੰਨ ਸਾਲਾਂ ਦੇ ਗੈਪ ਨਾਲ ਲਗਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਇੰਗਲਿਸ਼ ਸਟੂਡੀਓ ਸੰਸਥਾ ਜੋ ਕਿ ਕੋਟਕਪੂਰਾ ਰੋਡ ਉਤੇ ਬਾਘਾ ਪੁਰਾਣਾ ਵਿਖੇ ਪੈਟਰੋਲ ਪੰਪ ਦੇ ਸਾਹਮਣੇ ਹੈ, ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਅਤੇ ਬੁਨਿਆਦੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਥੇ ਆਇਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ। ਇਸ ਵਾਰ ਇਸ ਸੰਸਥਾ ਦੀ ਵਿਦਿਆਰਥੀ ਸੁਖਬੀਰ ਸਿੰਘ ਪੁੱਤਰ ਜਸਵੀਰ ਸਿੰਘ ਵਾਸੀ ਮੋਗਾ ਦਾ ਕੈਨੇਡਾ ਦਾ ਸਟੱਡੀ ਵੀਜ਼ਾ ਬਾਰ੍ਹਵੀਂ ਕਲਾਸ ਤੋਂ ਬਾਅਦ ਤਿੰਨ ਸਾਲ ਦੇ ਗੈਪ ਨਾਲ ਨਿਆਗਰਾ ਕਾਲਜ ਉਂਟਾਰੀਓ ਕੈਨੇਡਾ ਦਾ ਲਗਵਾਇਆ ਹੈ। ਸੰਸਥਾ ਦੇ ਮੁਖੀ ਪੰਕਜ ਬਾਂਸਲ ਅਤੇ ਗੌਰਵ ਕਾਲੜਾ ਨੇ ਵਿਦਿਆਰਥੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਜਸਪ੍ਰੀਤ ਕੌਰ ਦੀ ਰਿਲਾਇੰਸ ਐੱਸ ਐੱਮ ਐੱਸ ਐੱਲ ਲਿਮ: 'ਚ ਹੋਈ ਚੋਣ

ਮਾਨਸਾ (ਗੀਤਵਾਲ)-ਪਿੰਡ ਹੀਰੋਂ ਕਲਾਂ ਦੀ ਵਸਨੀਕ ਜਸਪ੍ਰੀਤ ਕੌਰ ਨੇ ਰਿਲਾਇੰਸ ਐਸ.ਐਮ.ਐਸ.ਐਲ. ਲਿਮ: ਵਿਖੇ ਬਤੌਰ ਸਟੋਰਕੀਪਰ ਵਜੋਂ ਨੌਕਰੀ ਮਿਲਣ 'ਤੇ ਜ਼ਿਲ੍ਹਾ ਪ੍ਰਸ਼ਾਸਨ ਤੇ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦਾ ਧੰਨਵਾਦ ਕੀਤਾ, ਜਿਸ ਦੀ ਬਦੌਲਤ ਉਸ ਨੂੰ ਇੱਕ ਚੰਗੇ ਅਦਾਰੇ 'ਚ ਨੌਕਰੀ ਕਰਨ ਦਾ ਮੌਕਾ ਮਿਲਿਆ ਹੈ। ਜਸਪ੍ਰੀਤ ਕੌਰ ਨੇ ਦੱਸਿਆ ਕਿ ਉਸਨੂੰ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਮਿਹਨਤਾਨਾ ਮਿਲ ਰਿਹਾ ਹੈ ਤੇ ਇਸ ਨੌਕਰੀ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ ਤੇ ਘਰ ਦਾ ਗੁਜ਼ਾਰਾ ਵੀ ਚੰਗਾ ਚੱਲ ਰਿਹਾ ਹੈ। ਜਸਪ੍ਰੀਤ ਕੌਰ ਨੇ ਦੱਸਿਆ ਕਿ ਉਸਦੇ ਪਿਤਾ ਅੱਧਾ ਕਿੱਲਾ ਜ਼ਮੀਨ ਵਿਚ ਹੀ ਖੇਤੀ ਕਰਦੇ ਹਨ। ਬੀ.ਏ ਕਰਨ ਤੋਂ ਬਾਅਦ ਆਪਣੇ ਮਾਪਿਆਂ ਨੂੰ ਆਰਥਿਕ ਤੌਰ 'ਤੇ ਮਜਬੂਤ ਕਰਨ ਲਈ ਰੋਜ਼ਗਾਰ ਦੀ ਭਾਲ 'ਚ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਮਾਨਸਾ ਨਾਲ ਸੰਪਰਕ ਬਣਾਇਆ ਸੀ। ਜਸਪ੍ਰੀਤ ਕੌਰ ਨੇ ਦੱਸਿਆ ਕਿ ਰੋਜ਼ਗਾਰ ਬਿਊਰੋ ਵਿਖੇ ਰਜਿਸਟਰੇਸ਼ਨ ਕਰਵਾ ਕੇ ਬਿਊਰੋ ਵੱਲੋਂ ਮਿਲਣ ਵਾਲੀਆਂ ਸੁਵਿਧਾਵਾਂ ਦਾ ਲਾਹਾ ਲੈਂਦਿਆਂ ਰੁਜ਼ਗਾਰ ਦੇ ਸਮਰੱਥ ਬਣੀ ਹਾਂ। ਜਸਪ੍ਰੀਤ ਕੌਰ ਨੇ ਹੋਰਨਾਂ ਬੇਰੁਜ਼ਗਾਰ ਪ੍ਰਾਰਥੀਆਂ ਨੂੰ ਅਪੀਲ ਕੀਤੀ ਕਿ ਵੱਖ-ਵੱਖ ਵਿਭਾਗਾਂ, ਅਦਾਰਿਆਂ, ਇੰਡਸਟਰੀਆਂ, ਕੰਪਨੀਆਂ ਆਦਿ ਵਿੱਚ ਨੌਕਰੀਆਂ ਦੀ ਸੂਚਨਾ ਸਬੰਧੀ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਰਜਿਸਟ੍ਰੇਸ਼ਨ ਕਰਾਉਣ। ਜਸਪ੍ਰੀਤ ਕੌਰ ਨੇ ਕਿਹਾ ਕਿ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਬੇਰੁਜ਼ਗਾਰ ਪ੍ਰਾਰਥੀਆਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਪੰਜਾਬ ਸਰਕਾਰ ਦਾ ਅਹਿਮ ਉਪਰਾਲਾ ਹੈ, ਜਿਸ ਨਾਲ ਬੇਰੁਜ਼ਗਾਰ ਪ੍ਰਾਰਥੀਆਂ ਨੂੰ ਰੁਜ਼ਗਾਰ ਦੀ ਪ੍ਰਾਪਤੀ ਲਈ ਇੱਕ ਚੰਗਾ ਪਲੇਟਫਾਰਮ ਮਿਲ ਰਿਹਾ ਹੈ।

ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਭੰਡਾਰਾ

ਮਲੋਟ (ਗੁਰਮੀਤ ਸਿੰਘ ਮੱਕੜ)-ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵਲੋਂ ਆਸ਼ਰਮ ਡੱਬਵਾਲੀ ਮਲਕੋ ਕੀ ਵਿਖੇ ਵਿਸ਼ਾਲ ਸਤਿਸੰਗ ਭੰਡਾਰੇ ਦਾ ਆਯੋਜਨ ਕੀਤਾ ਗਿਆ। ਭੰਡਾਰੇ ਦੌਰਾਨ ਸ਼ਿਸ਼ ਸਾਧਵੀ ਹਰਿਦਰ ਭਾਰਤੀ ਨੇ ਆਈ ਹੋਈ ਸੰਗਤ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਵਾਮੀ ਬ੍ਰਹਮਨੰਦ ਜੀ ਆਪਣੀ ਬਾਣੀ ਵਿਚ ਕਹਿੰਦੇ ਹਨ ਕਿ ਮੈਂ ਖੁਸ਼ਕਿਸਮਤ ਹਾਂ, ਕਿਉਂਕਿ ਮੇਰੇ ਜੀਵਨ ਵਿਚ ਪੂਰਨ ਸਤਿਗੁਰੂ ਆਏ ਹਨ ਅਤੇ ਗੁਰੂ ਦੇ ਆਉਣ ਨਾਲ ਹੀ ਮੇਰੇ ਮਨ ਦੀਆਂ ਸਾਰੀਆਂ ਮੁਸ਼ਕਲਾਂ ਦਾ ਅੰਤ ਹੋ ਗਿਆ ਹੈ। ਮੈਂ ਪਰਮਾਤਮਾ ਦੀ ਖੋਜ ਬਾਹਰ ਕਰ ਰਿਹਾ ਸੀ, ਪ੍ਰੰਤੂ ਗੁਰੂ ਨੇ ਮੇਰੇ ਜੀਵਨ ਵਿਚ ਆ ਕੇ ਮੇਰੇ ਤਨ ਰੂਪੀ ਮੰਦਰ ਵਿਚ ਈਸ਼ਵਰ ਨੂੰ ਪ੍ਰਗਟ ਕਰ ਦਿੱਤਾ। ਮੈਂ ਅਜਿਹੇ ਸਤਿਗੁਰੂ 'ਤੇ ਆਪਣਾ ਸਭ ਕੁੱਝ ਅਰਪਣ ਕਰਦਾ ਹਾਂ। ਸਾਧਵੀ ਨੇ ਕਿਹਾ ਕਿ ਜਦੋਂ ਪੂਰਨ ਸਤਿਗੁਰੂ ਦਾ ਆਗਮਨ ਇੱਕ ਭਗਤ ਦੇ ਜੀਵਨ ਵਿਚ ਹੁੰਦਾ ਹੈ ਤਾਂ ਉਹ ਭਗਤ ਆਪਣਾ ਸਭ ਕੁੱਝ ਆਪਣੇ ਗੁਰੂ ਦੇ ਚਰਨਾਂ ਵਿਚ ਸਮਰਪਿਤ ਕਰ ਦਿੰਦਾ ਹੈ।

ਤਿੰਨ ਰੋਜ਼ਾ ਗੁਰਮਤਿ ਸਮਾਗਮ

4-JAN-PAGE-1.qxd 1/3/2023 10:20 PM Page 1

ਬੁੱਧਵਾਰ, 4 ਜਨਵਰੀ, 2023
20 ਪੋਹ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 215

ਨਵਾਂ ਜ਼ਮਾਨਾ

DAILY NAWAN ZAMANA • WEDNESDAY, 4 JANUARY, 2023
ਜਲੰਧਰ
nawan zamana TV
ਕੀਮਤ/PRICE : 5.00 ਰੁਪਏ
Regd. No : Pb/JL-123/2021-23, (R.N.I.)-00068/57
E-mail : nawanzamana@gmail.com
www.nawanzamana.in

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਮੰਤਰੀਆਂ ਦੇ ਬੋਲਣ 'ਤੇ ਬਹੁਤੀ ਰੋਕ ਲਾਉਣ ਤੋਂ ਸੁਪਰੀਮ ਕੋਰਟ ਦੀ ਨਾਂਹ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਮੰਤਰੀਆਂ, ਸਾਂਸਦਾਂ ਤੇ ਵਿਧਾਇਕਾਂ ਦੀ ਬੋਲਣ ਦੀ ਆਜ਼ਾਦੀ ਉੱਤੇ ਜ਼ਿਆਦਾ ਪਾਬੰਦੀ ਲਾਉਣ ਤੋਂ ਇਨਕਾਰ ਕਰ ਦਿੱਤਾ ਹੈ। ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਨੇ ਮੰਗਲਵਾਰ ਕਿਹਾ ਕਿ ਇਸ ਲਈ ਸੰਵਿਧਾਨ ਦੇ ਆਰਟੀਕਲ 19 (2) ਵਿਚ ਜ਼ਰੂਰੀ ਪ੍ਰਾਵਧਾਨ ਮੌਜੂਦ ਹੈ। ਸਮੂਹਕ ਜ਼ਿੰਮੇਵਾਰੀ ਦੇ ਸਿਧਾਂਤ ਨੂੰ ਲਾਗੂ ਕਰਨ ਦੇ ਬਾਵਜੂਦ ਕਿਸੇ ਮੰਤਰੀ ਦੇ ਬਿਆਨ ਨੂੰ ਅਸਿੱਧੇ ਤੌਰ 'ਤੇ ਸਰਕਾਰ ਨਾਲ ਨਹੀਂ ਜੋੜਿਆ ਜਾ ਸਕਦਾ। ਇਸ ਲਈ ਮੰਤਰੀ ਹੀ ਜ਼ਿੰਮੇਵਾਰ ਮੰਨਿਆ ਜਾਵੇ। ਜਸਟਿਸ ਐੱਸ ਏ ਨਜ਼ੀਰ ਦੀ ਅਗਵਾਈ ਵਾਲੀ ਬੈਂਚ 'ਚ ਜਸਟਿਸ ਬੀ ਆਰ ਗਵਈ, ਜਸਟਿਸ ਏ ਐੱਸ ਬੋਪੰਨਾ, ਜਸਟਿਸ ਵੀ ਰਾਮਸੁਬਰਾਮਨੀਅਮ ਤੇ ਬੀ ਵੀ ਨਾਗਾਰਤਨਾ ਵੀ ਸ਼ਾਮਲ ਸਨ।

ਇਕ ਪਟੀਸ਼ਨ ਵਿਚ ਸਰਵਜਨਕ ਅਹੁਦਿਆਂ 'ਤੇ ਬੈਠੇ ਲੋਕਾਂ ਲਈ ਬੋਲਣ ਦੀ ਆਜ਼ਾਦੀ 'ਤੇ ਸੇਧ-ਲੀਹਾਂ ਤੈਅ ਕਰਨ ਦੀ ਮੰਗ ਕੀਤੀ ਗਈ ਸੀ। ਦਰਅਸਲ ਆਗੂਆਂ ਲਈ ਬਿਆਨਬਾਜ਼ੀ ਦੀ ਹੱਦ ਤੈਅ ਕਰਨ ਦਾ ਮਾਮਲਾ 2016 ਵਿਚ ਬੁਲੰਦਸ਼ਹਿਰ ਗੈਂਗਰੇਪ ਕੇਸ 'ਚ ਯੂ ਪੀ ਵਿਚ ਮੰਤਰੀ ਰਹੇ ਆਜ਼ਮ ਖਾਨ ਦੀ ਬਿਆਨਬਾਜ਼ੀ ਤੋਂ ਸ਼ੁਰੂ ਹੋਇਆ ਸੀ। ਆਜ਼ਮ ਨੇ ਜੁਲਾਈ 2016 ਦੇ ਬੁਲੰਦਸ਼ਹਿਰ ਗੈਂਗਰੇਪ ਨੂੰ ਸਿਆਸੀ ਸਾਜ਼ਿਸ਼ ਕਹਿ ਦਿੱਤਾ ਸੀ। ਇਸ ਦੇ ਬਾਅਦ ਮਾਮਲਾ ਸੁਪਰੀਮ ਕੋਰਟ ਪੁੱਜ ਗਿਆ ਸੀ।

ਚਾਰ ਜੱਜ ਇਕ ਰਾਇ ਦੇ ਸਨ, ਪਰ ਜਸਟਿਸ ਨਾਗਾਰਤਨਾ ਨੇ ਵੱਖਰੀ ਰਾਇ ਦਿੰਦਿਆਂ ਕਿਹਾ ਕਿ ਆਰਟੀਕਲ 19 (2) ਦੇ ਇਲਾਵਾ ਪ੍ਰਗਟਾਵੇ ਦੀ ਆਜ਼ਾਦੀ 'ਤੇ ਰੋਕ ਨਹੀਂ ਲਾਈ ਜਾ ਸਕਦੀ। ਹਾਲਾਂਕਿ ਕੋਈ ਵਿਅਕਤੀ ਬਤੌਰ ਮੰਤਰੀ ਅਪਮਾਨਜਨਕ ਬਿਆਨ ਦਿੰਦਾ ਹੈ ਤਾਂ ਅਜਿਹੇ ਬਿਆਨਾਂ ਲਈ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ, ਪਰ ਜੋ ਮੰਤਰੀਆਂ ਦੇ ਬਿਆਨ ਛਿਟਪੁਟ ਹਨ, ਜਿਹੜੇ ਸਰਕਾਰ ਦੇ ਮੁਤਾਬਕ ਨਹੀਂ ਹਨ, ਤਾਂ ਇਸ ਨੂੰ ਨਿੱਜੀ ਟਿੱਪਣੀ ਮੰਨਿਆ ਜਾਏਗਾ। ਸੁਪਰੀਮ ਕੋਰਟ ਨੇ 15 ਨਵੰਬਰ ਨੂੰ ਫੈਸਲਾ ਰਾਖਵਾਂ ਰੱਖ ਲਿਆ ਸੀ।

ਹਾਲਾਂਕਿ ਸੁਣਵਾਈ ਦੌਰਾਨ ਕਿਹਾ ਸੀ ਕਿ ਸਰਵਜਨਕ ਅਹੁਦਿਆਂ 'ਤੇ ਬੈਠੇ ਲੋਕਾਂ ਨੂੰ ਅਜਿਹੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ, ਜਿਹੜੀਆਂ ਦੇਸ਼ ਵਾਸੀਆਂ ਲਈ ਅਪਮਾਨਜਨਕ ਹੋਣ।

ਹਰ ਤਰ੍ਹਾਂ ਦਾ ਧਰਮ ਪਰਿਵਰਤਨ ਗੈਰ-ਕਾਨੂੰਨੀ ਨਹੀਂ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਮੰਗਲਵਾਰ ਮਾਮਲੇ ਦੀ ਸੁਣਵਾਈ ਲਈ ਸਹਿਮਤੀ ਜਤਾਉਂਦੇ ਹੋਏ ਕਿਹਾ ਕਿ ਹਰ ਤਰ੍ਹਾਂ ਦੇ ਧਰਮ ਪਰਿਵਰਤਨ ਨੂੰ ਗੈਰ-ਕਾਨੂੰਨੀ ਨਹੀਂ ਕਿਹਾ ਜਾ ਸਕਦਾ। ਉਸ ਨੇ ਮੱਧ ਪ੍ਰਦੇਸ਼ ਸਰਕਾਰ ਦੀ ਪਟੀਸ਼ਨ 'ਤੇ ਸੁਣਵਾਈ ਲਈ ਸਹਿਮਤੀ ਪ੍ਰਗਟ ਕੀਤੀ, ਜਿਸ 'ਚ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਦੱਸੇ ਬਿਨਾਂ ਵਿਆਹ ਕਰਨ ਵਾਲੇ ਅੰਤਰ ਧਰਮ ਵਾਲੇ ਜੋੜਿਆਂ 'ਤੇ ਮੁਕੱਦਮਾ ਚਲਾਉਣ 'ਤੇ ਰੋਕ ਲਗਾਉਣ ਦੇ ਹਾਈ ਕੋਰਟ ਦੇ ਹੁਕਮ ਨੂੰ ਚੁਣੌਤੀ ਦਿੱਤੀ ਗਈ ਹੈ।

ਅਡਾਨੀ-ਅੰਬਾਨੀ ਮੇਰੇ ਭਰਾ ਨੂੰ ਖਰੀਦ ਨਹੀਂ ਸਕਦੇ : ਪ੍ਰਿਅੰਕਾ

ਗਾਜ਼ੀਆਬਾਦ : ਕਾਂਗਰਸ ਦੀ 'ਭਾਰਤ ਜੋੜੋ ਯਾਤਰਾ' ਨੌਂ ਦਿਨਾਂ ਦੇ ਅਰਾਮ ਤੋਂ ਬਾਅਦ ਮੰਗਲਵਾਰ ਮੁੜ ਸ਼ੁਰੂ ਹੋ ਕੇ ਯੂ ਪੀ 'ਚ ਦਾਖਲ ਹੋ ਗਈ। ਪ੍ਰਿਅੰਕਾ ਗਾਂਧੀ ਵਾਡਰਾ ਅਤੇ ਪਾਰਟੀ ਦੇ ਕਈ ਹੋਰ ਨੇਤਾਵਾਂ ਤੇ ਵਰਕਰਾਂ ਨੇ ਯਾਤਰਾ ਦੇ ਗਾਜ਼ੀਆਬਾਦ 'ਚ ਦਾਖਲ ਹੋਣ ਤੋਂ ਬਾਅਦ ਰਾਹੁਲ ਗਾਂਧੀ ਅਤੇ ਹੋਰਨਾਂ ਯਾਤਰੀਆਂ ਦਾ ਸਵਾਗਤ ਕੀਤਾ।

ਇਸੇ ਦੌਰਾਨ ਕਰੀਬ 6 ਕਿੱਲੋਮੀਟਰ ਤੁਰਨ ਤੋਂ ਬਾਅਦ ਰਾਹੁਲ ਤੇ ਪ੍ਰਿਅੰਕਾ ਦਿੱਲੀ ਪਰਤ ਗਏ। ਉਹ ਬੁੱਧਵਾਰ ਸਵੇਰੇ ਦਿੱਲੀ ਤੋਂ ਕਾਰ ਰਾਹੀਂ ਬਾਗਪਤ ਪੁੱਜ ਕੇ ਫਿਰ ਯਾਤਰਾ 'ਚ ਸ਼ਾਮਲ ਹੋਣਗੇ। ਇਸ ਤੋਂ ਪਹਿਲਾਂ ਲੋਨੀ ਬਾਰਡਰ 'ਤੇ ਬਣੇ ਮੰਚ 'ਤੇ ਰਾਹੁਲ ਤੇ ਪ੍ਰਿਅੰਕਾ ਇਕੱਠੇ ਨਜ਼ਰ ਆਏ। ਪ੍ਰਿਅੰਕਾ ਦੇ ਮੋਢੇ 'ਤੇ ਹੱਥ ਰੱਖ ਕੇ ਰਾਹੁਲ ਅੱਗੇ ਵਧਦੇ ਦਿਸੇ। ਮੰਚ ਤੋਂ ਪ੍ਰਿਅੰਕਾ ਨੇ ਰਾਹੁਲ ਨੂੰ ਯੋਧਾ ਦੱਸਦਿਆਂ ਕਿਹਾ—ਮੇਰੇ ਵੱਡੇ ਭਰਾ, ਇੱਧਰ ਦੇਖੋ, ਸਭ ਤੋਂ ਵੱਧ ਮਾਣ ਹੈ ਤੁਹਾਡੇ 'ਤੇ। ਸੱਤਾ ਨੇ ਪੂਰਾ ਜ਼ੋਰ ਲਾਇਆ। ਸਰਕਾਰ ਨੇ ਹਜ਼ਾਰਾਂ ਕਰੋੜ ਰੁਪਏ ਖਰਚੇ, ਇਨ੍ਹਾਂ ਦਾ ਅਕਸ ਖਰਾਬ ਕਰਨ ਲਈ, ਪਰ ਇਹ ਡਰੇ ਨਹੀਂ। ਇਨ੍ਹਾਂ 'ਤੇ ਏਜੰਸੀਆਂ ਲਾਈਆਂ ਗਈਆਂ। ਯੋਧਾ ਹਨ, ਯੋਧਾ। ਅਡਾਨੀ-ਅੰਬਾਨੀ ਨੇ ਵੱਡੇ-ਵੱਡੇ ਨੇਤਾ ਖਰੀਦ ਲਏ। ਦੇਸ਼ ਦੇ ਸਾਰੇ ਪੀ ਐੱਸ ਯੂ ਖਰੀਦ ਲਏ। ਦੇਸ਼ ਦਾ ਮੀਡੀਆ ਖਰੀਦ ਲਿਆ, ਪਰ ਮੇਰੇ ਭਰਾ ਨੂੰ ਨਹੀਂ ਖਰੀਦ ਸਕੇ ਤੇ ਨਾ ਖਰੀਦ ਸਕਣਗੇ।

ਪ੍ਰਿਅੰਕਾ ਨੇ ਅੱਗੇ ਕਿਹਾ—ਕੋਈ ਮੈਥੋਂ ਪੁੱਛ ਰਿਹਾ ਸੀ ਕਿ ਤੁਹਾਡੇ ਭਰਾ ਨੂੰ ਠੰਢ ਨਹੀਂ ਲੱਗਦੀ। ਤੁਹਾਨੂੰ ਡਰ ਨਹੀਂ ਲੱਗਦਾ, ਇਨ੍ਹਾਂ ਦੀ ਸੁਰੱਖਿਆ ਨੂੰ ਲੈ ਕੇ। ਮੇਰਾ ਜਵਾਬ ਇਹ ਹੈ ਕਿ ਉਹ ਸੱਚ ਦਾ ਕਵਚ ਪਹਿਨ ਕੇ ਚੱਲ ਰਹੇ ਹਨ। ਰੱਬ ਇਨ੍ਹਾਂ ਨੂੰ ਸੁਰੱਖਿਅਤ ਰੱਖੇਗਾ। ਸਭ ਨਾਲ ਚੱਲੋ, ਏਕਤਾ, ਸਦਭਾਵਨਾ ਤੇ ਪਿਆਰ ਦਾ ਪੈਗਾਮ ਲੈ ਕੇ। ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਰਾਹੁਲ ਨੇ ਦਿੱਲੀ ਦੇ ਮਰਘਟ ਵਾਲੇ ਹਨੂੰਮਾਨ ਦੇ ਦਰਸ਼ਨ ਕੀਤੇ। ਪੁਜਾਰੀ ਨੇ ਉਨ੍ਹਾਂ ਨੂੰ ਗਦਾ ਦਿੱਤੀ। ਰਾਹੁਲ ਯੂ ਪੀ ਵਿਚ ਤਿੰਨ ਦਿਨ ਕਰੀਬ 130 ਕਿੱਲਮੀਟਰ ਪੈਦਲ ਚੱਲਣਗੇ। ਉਹ ਤਿੰਨ ਜ਼ਿਲ੍ਹਿਆਂ ਗਾਜ਼ੀਆਬਾਦ, ਬਾਗਪਤ ਤੇ ਸ਼ਾਮਲੀ ਦੇ 11 ਅਸੰਬਲੀ ਹਲਕਿਆਂ 'ਚੋਂ ਲੰਘਣਗੇ।

ਹਾਲਾਂਕਿ ਰਾਸ਼ਟਰੀ ਲੋਕ ਦਲ ਦੇ ਪ੍ਰਧਾਨ ਜਯੰਤ ਚੌਧਰੀ ਯਾਤਰਾ 'ਚ ਸ਼ਾਮਲ ਨਹੀਂ ਹੋਏ, ਉਨ੍ਹਾ ਸੋਸ਼ਲ ਮੀਡੀਆ 'ਤੇ ਲਿਖਿਆ—ਤਪ ਕੇ ਹੀ ਧਰਤੀ ਤੋਂ ਬਣੀ ਇੱਟ ਛੂਹ ਲੈਂਦੀ ਹੈ ਆਕਾਸ਼। ਭਾਰਤ ਜੋੜੋ ਦੇ ਤਪੱਸਵੀਆਂ ਨੂੰ ਸਲਾਮ। ਦੇਸ਼ ਦੇ ਸੰਸਕਾਰ ਨਾਲ ਜੁੜ ਕੇ ਯੂ ਪੀ ਵਿਚ ਵੀ ਚੱਲ ਰਿਹਾ ਅਭਿਆਨ ਸਾਰਥਕ ਹੋਵੇ ਤੇ ਇਕ ਸੂਤਰ 'ਚ ਲੋਕਾਂ ਨੂੰ ਜੋੜਦਾ ਰਹੇ। ਕਾਂਗਰਸ ਆਗੂ ਆਚਾਰੀਆ ਪ੍ਰਮੋਦ ਕ੍ਰਿਸ਼ਣਮ ਨੇ ਯਾਤਰਾ ਸ਼ੁਰੂ ਹੋਣ ਤੋਂ ਪਹਿਲਾਂ ਕਿਹਾ—ਯੂ ਪੀ ਦੀਆਂ ਹਵਾਵਾਂ ਦੱਸ ਰਹੀਆਂ ਹਨ, ਛੇਤੀ ਮੌਸਮ ਬਦਲਣ ਵਾਲਾ ਹੈ। ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ—ਮੈਂ ਯਾਤਰਾ ਵਿਚ ਸ਼ਾਮਲ ਨਹੀਂ ਹੋ ਸਕਾਂਗਾ, ਪਰ ਵਰਕਰ ਹੋ ਸਕਦੇ ਹਨ।

ਆਈ ਪੀ ਐੱਸ ਅਫਸਰ ਨੂੰ ਰੈਲੀ ਦੌਰਾਨ ਹਾਰਟ ਅਟੈਕ

ਧਰਮਸ਼ਾਲਾ : ਆਈ ਪੀ ਐੱਸ ਅਧਿਕਾਰੀ ਐੱਸ ਆਰ ਰਾਣਾ, ਜੋ ਮੰਗਲਵਾਰ ਧਰਮਸ਼ਾਲਾ 'ਚ ਮੁੱਖ ਮੰਤਰੀ ਸੁਖਵਿੰਦਰ ਸੁੱਖੂ ਦੀ ਆਭਾਰ ਰੈਲੀ ਦੌਰਾਨ ਡਿਊਟੀ 'ਤੇ ਸਨ, ਨੂੰ ਦਿਲ ਦਾ ਦੌਰਾ ਪੈ ਗਿਆ। ਉਨ੍ਹਾ ਨੂੰ ਤੁਰੰਤ ਜ਼ੋਨਲ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਗੈਂਗਸਟਰ ਨੂੰ ਊਨਾ ਤੋਂ ਫੜਿਆ

ਲੁਧਿਆਣਾ : ਪੁਲਸ ਨੇ ਗੈਂਗਸਟਰ ਅਜੈ ਪੰਡਤ ਨੂੰ ਹਿਮਾਚਲ ਦੇ ਊਨਾ ਤੋਂ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਗੈਂਗਸਟਰ ਨੇ ਆਪਣੇ ਵਿਰੋਧੀ ਪਾਰਸ ਖੱਤਰੀ ਦਾ ਕਥਿਤ ਤੌਰ 'ਤੇ ਕਤਲ ਕਰ ਦਿੱਤਾ ਸੀ। ਪਡਿਤ 'ਤੇ 13 ਕੇਸ ਚੱਲ ਰਹੇ ਹਨ।

ਘੁਸਪੈਠੀਆ ਹਲਾਕ

ਨਵੀਂ ਦਿੱਲੀ : ਭਾਰਤ-ਪਾਕਿਸਤਾਨ ਸਰਹੱਦ ਦੇ ਗੁਰਦਾਸਪੁਰ ਸੈਕਟਰ 'ਚ ਬੀ ਐੱਸ ਐੱਫ ਨੇ ਪਾਕਿਸਤਾਨੀ ਘੁਸਪੈਠੀਏ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਘੁਸਪੈਠ ਦੀ ਕੋਸ਼ਿਸ਼ ਦਾ ਪਤਾ ਮੰਗਲਵਾਰ ਸਵੇਰੇ 8 ਵਜੇ ਦੇ ਕਰੀਬ ਲੱਗਾ ਅਤੇ ਮੰਨਿਆ ਜਾ ਰਿਹਾ ਹੈ ਕਿ ਘੁਸਪੈਠੀਆ ਹਥਿਆਰਬੰਦ ਸੀ। ਪਹਿਲਾਂ ਬੀ ਐੱਸ ਐੱਫ ਨੇ ਕਿਹਾ ਸੀ ਕਿ ਦੋ ਘੁਸਪੈਠੀਏ ਮਾਰੇ ਗਏ ਹਨ।

ਓਡੀਸ਼ਾ 'ਚ ਦੋ ਹਫਤਿਆਂ 'ਚ ਤੀਜਾ ਰੂਸੀ ਮਰਿਆ ਮਿਲਿਆ

ਪਾਰਾਦੀਪ : ਓਡੀਸ਼ਾ ਦੇ ਜਗਤਸਿੰਘਪੁਰ ਜ਼ਿਲ੍ਹੇ ਦੀ ਪਾਰਾਦੀਪ ਬੰਦਰਗਾਹ 'ਤੇ ਰੁਕੇ ਜਹਾਜ਼ ਦੇ ਕੈਬਿਨ 'ਚ ਰੂਸੀ ਨਾਗਰਿਕ ਮਿਲਾਕੋਵ ਸਰਗੇਈ (51) ਮ੍ਰਿਤਕ ਪਾਇਆ ਗਿਆ। ਸਰਗੇਈ ਬੰਗਲਾਦੇਸ਼ ਦੇ ਚਟਗਾਂਵ ਬੰਦਰਗਾਹ ਤੋਂ ਪਾਰਾਦੀਪ ਰਾਹੀਂ ਮੁੰਬਈ ਜਾ ਰਹੇ ਐੱਮ ਬੀ ਅਲਾਦਨਾ ਜਹਾਜ਼ ਦਾ ਮੁੱਖ ਇੰਜੀਨੀਅਰ ਸੀ। ਮੌਤ ਦੇ ਕਾਰਨਾਂ ਦਾ ਤੁਰੰਤ ਪਤਾ ਨਹੀਂ ਲੱਗ ਸਕਿਆ। ਓਡੀਸ਼ਾ 'ਚ ਇਕ ਪੰਦਰਵਾੜੇ 'ਚ ਰੂਸੀ ਨਾਗਰਿਕਾਂ ਦੇ ਮਰਨ ਦੀ ਇਹ ਤੀਜੀ ਘਟਨਾ ਹੈ।

ਬਠਿੰਡਾ ਸਭ ਤੋਂ ਠੰਢਾ

ਚੰਡੀਗੜ੍ਹ : ਪੰਜਾਬ 'ਚ ਬਠਿੰਡਾ ਸਭ ਤੋਂ ਠੰਢਾ ਸਥਾਨ ਰਿਹਾ, ਜਿੱਥੇ ਘੱਟੋ-ਘੱਟ ਤਾਪਮਾਨ 1.2 ਡਿਗਰੀ ਸੈਲਸੀਅਸ ਨੋਟ ਕੀਤਾ ਗਿਆ, ਜਦਕਿ ਹਰਿਆਣਾ ਦੇ ਸਿਰਸਾ 'ਚ ਮਨਫੀ ਤਿੰਨ ਡਿਗਰੀ ਦਰਜ ਕੀਤਾ ਗਿਆ। ਗੁਰਦਾਸਪੁਰ ਦਾ ਘੱਟੋ-ਘੱਟ ਤਾਪਮਾਨ 5.8, ਲੁਧਿਆਣਾ ਦਾ 5.8, ਪਟਿਆਲਾ ਦਾ 4.8, ਪਠਾਨਕੋਟ ਦਾ 6.6, ਫਰੀਦਕੋਟ ਦਾ 4.8 ਤੇ ਅੰਮ੍ਰਿਤਸਰ ਦਾ 5.6 ਡਿਗਰੀ ਦਰਜ ਕੀਤਾ ਗਿਆ। ਚੰਡੀਗੜ੍ਹ ਦਾ 6.6 ਡਿਗਰੀ ਰਿਹਾ।

ਘਰ ਦੇ ਮੁਖੀ ਦੀ ਸਹਿਮਤੀ ਨਾਲ ਆਧਾਰ ਕਾਰਡ 'ਚ ਆਨਲਾਈਨ ਸੋਧ ਸੰਭਵ

ਨਵੀਂ ਦਿੱਲੀ : ਭਾਰਤੀ ਵਿਲੱਖਣ ਪਛਾਣ ਅਥਾਰਟੀ (ਯੂ ਆਈ ਡੀ ਏ ਆਈ) ਨੇ ਹੁਣ ਦੇਸ਼ ਵਾਸੀਆਂ ਨੂੰ ਆਪਣੇ ਪਰਵਾਰ ਦੇ ਮੁਖੀ ਦੀ ਸਹਿਮਤੀ ਨਾਲ ਆਧਾਰ ਕਾਰਡ 'ਚ ਆਪਣਾ ਪਤਾ ਆਨਲਾਈਨ ਅੱਪਡੇਟ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਅਥਾਰਟੀ ਨੇ ਅਧਿਕਾਰਤ ਬਿਆਨ 'ਚ ਕਿਹਾ ਕਿ ਨਿਵਾਸੀ ਘਰ ਦੇ ਮੁਖੀ ਦੇ ਨਾਲ ਉਨ੍ਹਾਂ ਦੇ ਸੰਬੰਧਾਂ ਨੂੰ ਦਰਸਾਉਣ ਵਾਲਾ ਕੋਈ ਵੀ ਦਸਤਾਵੇਜ਼ ਜਮ੍ਹਾਂ ਕਰਕੇ ਆਪਣਾ ਪਤਾ ਆਨਲਾਈਨ ਅਪਡੇਟ ਕਰ ਸਕਦੇ ਹਨ। ਅਜਿਹੇ ਦਸਤਾਵੇਜ਼ ਦਿਖਾਉਣੇ ਹੋਣਗੇ, ਜਿਨ੍ਹਾਂ 'ਤੇ ਮੁਖੀ ਅਤੇ ਉਸ ਵਿਅਕਤੀ ਦੋਵਾਂ ਦੇ ਨਾਂਅ ਅਤੇ ਸੰਬੰਧਾਂ ਦਾ ਜ਼ਿਕਰ ਹੋਵੇ।

ਢਾਬੇ ਦੇ 2 ਕਰਿੰਦਿਆਂ ਦੀ ਗੈਸ ਚੜ੍ਹਨ ਨਾਲ ਮੌਤ

ਫਗਵਾੜਾ : ਹੁਸ਼ਿਆਰਪੁਰ ਰੋਡ 'ਤੇ ਪਿੰਡ ਰਿਹਾਣਾ ਜੱਟਾਂ ਲਾਗੇ ਢਾਬੇ ਦੇ ਕਮਰੇ 'ਚ ਸੁੱਤੇ ਦੋ ਵਿਅਕਤੀਆਂ ਦੀ ਅੰਗੀਠੀ ਦੀ ਗੈਸ ਚੜ੍ਹਨ ਕਾਰਨ ਮੌਤ ਹੋ ਗਈ। ਰਾਵਲਪਿੰਡੀ ਥਾਣੇ ਦੇ ਜਾਂਚ ਅਧਿਕਾਰੀ ਮਹਿੰਦਰਪਾਲ ਅਨੁਸਾਰ ਮ੍ਰਿਤਕਾਂ ਦੀ ਪਛਾਣ ਹਰਦੇਵ ਸਿੰਘ (65) ਤੇ ਕਮਲ ਵਜੋਂ ਹੋਈ, ਜਿਹੜੇ ਪਿੰਡ ਬਾਹੋਵਾਲ ਦੇ ਸਨ। ਇਹ ਹਰਮਨ ਢਾਬੇ 'ਤੇ ਕੰਮ ਕਰਦੇ ਸਨ ਤੇ ਅੱਗ ਬਾਲ ਕੇ ਸੁੱਤੇ ਸਨ। ਅਚਾਨਕ ਇਨ੍ਹਾਂ ਨੂੰ ਗੈਸ ਚੜ੍ਹ ਗਈ ਤੇ ਕੰਬਲ ਵੀ ਸੜ ਗਿਆ।

ਗੱਡੀ 'ਤੇ ਪਥਰਾਅ ਦੀ ਕੇਂਦਰੀ ਏਜੰਸੀ ਤੋਂ ਜਾਂਚ ਦੀ ਮੰਗ

ਕੋਲਕਾਤਾ : ਪੱਛਮੀ ਬੰਗਾਲ ਦੇ ਮਾਲਦਾ ਜ਼ਿਲ੍ਹੇ 'ਚ ਹਾਵੜਾ ਅਤੇ ਨਿਊ ਜਲਪਾਈਗੁੜੀ ਨੂੰ ਜੋੜਨ ਵਾਲੀ ਵੰਦੇ ਭਾਰਤ ਐੱਕਸਪ੍ਰੈੱਸ ਨੂੰ ਹਰੀ ਝੰਡੀ ਦਿਖਾਏ ਜਾਣ ਤੋਂ ਕੁਝ ਦਿਨ ਬਾਅਦ ਹੀ ਉਸ ਉੱਤੇ ਪੱਥਰਬਾਜ਼ੀ ਦੀ ਭਾਜਪਾ ਨੇ ਕੌਮੀ ਜਾਂਚ ਏਜੰਸੀ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਘਟਨਾ 'ਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਮਾਲਦਾ ਸ਼ਹਿਰ ਤੋਂ ਕਰੀਬ 50 ਕਿਲੋਮੀਟਰ ਦੂਰ ਕੁਮਾਰਗੰਜ ਰੇਲਵੇ ਸਟੇਸ਼ਨ ਨੇੜੇ ਪਥਰਾਅ ਨਾਲ 22303 ਵੰਦੇ ਭਾਰਤ ਐੱਕਸਪ੍ਰੈੱਸ ਦੇ ਕੋਚ ਨੰਬਰ ਸੀ-13 ਦਾ ਸ਼ੀਸ਼ਾ ਟੁੱਟ ਗਿਆ ਸੀ।

ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕਰਨ ਦੇ ਹੁਕਮ

ਚੰਡੀਗੜ੍ਹ (ਗੁਰਜੀਤ ਬਿੱਲਾ)-ਸੂਬੇ 'ਚ ਨਸ਼ਿਆਂ ਦੀ ਲਾਹਨਤ ਖਿਲਾਫ ਜੰਗ ਹੋਰ ਤੇਜ਼ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਅਧਿਕਾਰੀਆਂ ਨੂੰ ਨਸ਼ਾ ਤਸਕਰੀ ਦੇ ਘਿਨਾਉਣੇ ਜੁਰਮ 'ਚ ਸ਼ਾਮਲ ਤਸਕਰਾਂ ਦੀ ਜਾਇਦਾਦ ਕੁਰਕ ਕਰਨ ਦੇ ਹੁਕਮ ਦਿੱਤੇ ਹਨ। ਸੂਬੇ 'ਚ ਅਮਨ-ਕਾਨੂੰਨ ਦੀ ਵਿਵਸਥਾ ਦਾ ਜਾਇਜ਼ਾ ਲੈਣ ਲਈ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਮੁੱਖ ਮੰਤਰੀ ਨੇ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਈ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਿਆਂ ਦੀ ਤਸਕਰੀ ਵਿਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਪਹਿਲਾਂ ਹੀ ਜੇਲ੍ਹ ਦੀਆਂ ਸਲਾਖਾਂ ਪਿੱਛੇ ਪਹੁੰਚਾ ਦਿੱਤਾ ਹੈ। ਉਨ੍ਹਾ ਕਿਹਾ ਕਿ ਨਸ਼ਾ ਤਸਕਰਾਂ ਖਿਲਾਫ ਸਖਤ ਕਾਰਵਾਈ ਕਰਦੇ ਹੋਏ ਤੁਰੰਤ ਇਨ੍ਹਾਂ ਦੀ ਜਾਇਦਾਦ ਜ਼ਬਤ ਕੀਤੀ ਜਾਵੇ। ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਕਾਨੂੰਨ ਵਿਚ ਲੋੜੀਂਦੀ ਸੋਧ ਕਰਨ ਦੀ ਲੋੜ ਹੋਈ ਤਾਂ ਤੁਰੰਤ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਜੇਕਰ ਕਿਸੇ ਪੁਲਸ ਅਧਿਕਾਰੀ ਦੇ ਅਧਿਕਾਰ ਖੇਤਰ ਵਿਚ

4-January-PAGE-4-2.qxd 1/3/2023 10:34 PM Page 1

ਨਵਾਂ ਜ਼ਮਾਨਾ
ਬੁੱਧਵਾਰ, 4 ਜਨਵਰੀ 2023

ਹੁਣ ਈਸਾਈਆਂ 'ਤੇ ਵੀ ਹਮਲੇ

ਪਿਛਲੇ 8 ਸਾਲਾਂ ਤੋਂ ਫਾਸ਼ੀ ਦਰਿੰਦਿਆਂ ਵੱਲੋਂ ਭੀੜਤੰਤਰੀ ਹੱਤਿਆਵਾਂ ਤੇ ਹਮਲਿਆਂ ਰਾਹੀਂ ਮੁਸਲਮਾਨ ਵਿਰੋਧੀ ਹਿੰਸਾ ਦਾ ਦੌਰ ਜਾਰੀ ਰਿਹਾ ਸੀ। ਰਹਿੰਦੀ ਕਸਰ ਭਾਜਪਾ ਸ਼ਾਸਤ ਰਾਜਾਂ ਵਿੱਚ ਸਰਕਾਰਾਂ ਤੇ ਪ੍ਰਸ਼ਾਸਨ ਦੀ ਬੁਲਡੋਜ਼ਰ ਉਜਾੜਾ ਨੀਤੀ ਨੇ ਪੂਰੀ ਕਰ ਦਿੱਤੀ ਸੀ। ਸਿੱਟੇ ਵਜੋਂ ਮੁਸਲਮਾਨ ਦਹਿਸ਼ਤ ਦੇ ਸਾਏ ਹੇਠ ਦਿਨ ਕਟੀ ਕਰਨ ਲਈ ਮਜਬੂਰ ਹੋ ਗਏ ਸਨ।

ਹੁਣ ਜਦੋਂ 2024 ਦੀਆਂ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਭਾਜਪਾ ਦੇ ਸ਼ਿਸ਼ਕਾਰੇ ਹਿੰਦੂਤਵੀ ਗੁੰਡੇ ਫਿਰ ਸਰਗਰਮ ਹੋ ਗਏ ਲਗਦੇ ਹਨ। ਇਸ ਵਾਰ ਉਨ੍ਹਾਂ ਦੇ ਨਿਸ਼ਾਨੇ ਹੇਠ ਮੁਸਲਮਾਨਾਂ ਦੇ ਨਾਲ-ਨਾਲ ਈਸਾਈ ਵੀ ਹਨ। ਲੱਗਭੱਗ ਸਾਰਾ ਮੀਡੀਆ ਜਦੋਂ ਸਰਕਾਰੀ ਚਾਕਰੀ ਕਰਨ ਲੱਗਾ ਹੋਇਆ ਹੈ ਤਾਂ ਘੱਟਗਿਣਤੀਆਂ ਉੱਤੇ ਹੋ ਰਹੇ ਹਮਲਿਆਂ ਦਾ ਆਮ ਲੋਕਾਂ ਨੂੰ ਪਤਾ ਨਹੀਂ ਲੱਗਦਾ। ਪਿਛਲੇ ਦੋ ਕੁ ਮਹੀਨਿਆਂ ਦੌਰਾਨ ਛੱਤੀਸਗੜ੍ਹ ਅੰਦਰ ਈਸਾਈਆਂ ਉੱਤੇ ਲਗਾਤਾਰ ਹਮਲੇ ਹੋ ਰਹੇ ਹਨ। ਅਕਤੂਬਰ ਵਿੱਚ 3 ਤੇ ਨਵੰਬਰ ਵਿੱਚ 15 ਹਮਲੇ ਕੀਤੇ ਗਏ। 18 ਦਸੰਬਰ ਨੂੰ ਇੱਕੋ ਦਿਨ 20 ਹਮਲੇ ਹੋਏ। ਫਿਰ 3 ਦਿਨਾਂ ਦੌਰਾਨ 21 ਦਸੰਬਰ ਤੱਕ 21 ਹਮਲੇ ਹੋਏ ਸਨ। ਇਨ੍ਹਾਂ ਘਟਨਾਵਾਂ ਤੋਂ ਬਾਅਦ ਆਦਿਵਾਸੀ ਸਮਾਜ ਵੱਲੋਂ ਨਰਾਇਣਪੁਰ ਕੁਲੈਕਟਰ ਦੇ ਦਫ਼ਤਰ ਅੱਗੇ ਮੁਜ਼ਾਹਰਾ ਕਰਕੇ ਇੱਕ ਸ਼ਿਕਾਇਤ ਪੱਤਰ ਦਿੱਤਾ ਗਿਆ ਸੀ।

ਇਸ ਸ਼ਿਕਾਇਤ ਪੱਤਰ ਵਿੱਚ ਦੋਸ਼ ਲਾਇਆ ਗਿਆ ਸੀ ਕਿ ਆਰ ਐੱਸ ਐੱਸ ਤੇ ਹਿੰਦੂ ਸੰਗਠਨਾਂ ਦੇ ਇਸ਼ਾਰੇ ਉੱਤੇ ਉਨ੍ਹਾਂ ਵਿਰੁੱਧ ਹਮਲੇ ਕੀਤੇ ਜਾ ਰਹੇ ਹਨ। ਇਸ ਪੱਤਰ ਵਿੱਚ ਕਿਹਾ ਗਿਆ ਸੀ ਕਿ ਬਸਤਰ ਦੇ ਚੇਰਾਂਗ ਵਿੱਚ 50 ਈਸਾਈਆਂ ਨੂੰ ਕੁੱਟ ਕੇ ਉਨ੍ਹਾਂ ਦੇ ਘਰਾਂ ਵਿੱਚੋਂ ਭਜਾ ਦਿੱਤਾ ਗਿਆ ਹੈ। ਇਸ ਤੋਂ ਬਿਨਾਂ ਭਾਟਪਾਲ, ਮੋਡੇਂਗਾ, ਗੋਹੜਾ ਤੇ ਬੋਰਵੰਡ ਵਿੱਚ ਵੀ ਈਸਾਈਆਂ ਉੱਤੇ ਹਮਲੇ ਕੀਤੇ ਗਏ ਹਨ।

ਅਧਿਕਾਰੀਆਂ ਦੇ ਭਰੋਸਾ ਦੇਣ ਦੇ ਬਾਅਦ ਵੀ ਇਹ ਘਟਨਾਵਾਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ, ਕਿਉਂਕਿ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਹੋ ਰਹੀ। ਇਸੇ ਤੋਂ ਉਤਸ਼ਾਹਤ ਹੋ ਕੇ ਹਮਲਾਵਰਾਂ ਨੇ ਨਵੇਂ ਵਰ੍ਹੇ ਦੇ ਦਿਨ ਐਤਵਾਰ ਨੂੰ ਇੱਕ ਹੋਰ ਘਟਨਾ ਨੂੰ ਅੰਜਾਮ ਦੇ ਦਿੱਤਾ। ਇਸ ਹਮਲੇ ਵਿੱਚ ਇੱਕ ਪੁਲਸ ਅਧਿਕਾਰੀ ਸਮੇਤ 8 ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ ਸਨ। 'ਦੀ ਹਿੰਦੂ' ਦੀ ਰਿਪੋਰਟ ਮੁਤਾਬਕ ਇੱਕ ਦਰਜਨ ਈਸਾਈਆਂ ਉੱਤੇ ਚਾਰ-ਪੰਜ ਸੌ ਦੀ ਭੀੜ ਨੇ ਹਮਲਾ ਕਰ ਦਿੱਤਾ ਸੀ, ਜਿਸ ਵਿੱਚ ਗੋਰੇਗਾਂਵ ਦੇ ਲੋਕ ਤੇ ਬਾਹਰੀ ਲੋਕ ਵੀ ਸ਼ਾਮਲ ਸਨ। ਇੱਕ ਪੀੜਤ ਨੇ ਦੱਸਿਆ ਕਿ ਸਾਨੂੰ ਇੱਕ ਮੀਟਿੰਗ ਲਈ ਸੱਦਿਆ ਗਿਆ ਸੀ, ਜਦੋਂ ਅਸੀਂ ਪਹੁੰਚੇ ਤਾਂ ਸਾਡੇ ਉੱਤੇ ਲਾਠੀਆਂ ਨਾਲ ਹਮਲਾ ਕਰ ਦਿੱਤਾ ਗਿਆ। ਸਾਡੇ ਉੱਤੇ ਵਿਦੇਸ਼ੀ ਧਰਮ ਮੰਨਣ ਦਾ ਦੋਸ਼ ਲਾਇਆ ਗਿਆ। ਆਪਣੀ ਜਾਨ ਬਚਾਉਣ ਲਈ ਸਾਨੂੰ ਨੇੜਲੇ ਜੰਗਲ ਵਿੱਚ ਸ਼ਰਨ ਲੈਣੀ ਪਈ। ਛਤੀਸਗੜ੍ਹ ਵਿੱਚ ਅਜਿਹੀਆਂ ਘਟਨਾਵਾਂ ਲਗਾਤਾਰ ਹੋ ਰਹੀਆਂ ਹਨ, ਪਰ ਦੁਰਾਡੇ ਪਿੰਡਾਂ ਤੋਂ ਖ਼ਬਰਾਂ ਨਹੀਂ ਆ ਰਹੀਆਂ।

ਇਨ੍ਹਾਂ ਹਮਲਿਆਂ ਨੇ ਦੱਸ ਦਿੱਤਾ ਹੈ ਕਿ ਭਾਜਪਾ ਆਉਣ ਵਾਲੀਆਂ ਚੋਣਾਂ ਤੋਂ ਪਹਿਲਾਂ ਫਿਰਕੂ ਕਤਾਰਬੰਦੀ ਨੂੰ ਤੇਜ਼ ਕਰਨ ਲਈ ਦੰਗੇ ਕਰਾਉਣ ਦੀ ਨੀਤੀ ਉੱਤੇ ਚੱਲ ਰਹੀ ਹੈ। ਆਉਣ ਵਾਲੇ ਦਿਨਾਂ ਦੌਰਾਨ ਇਹ ਸਿਲਸਿਲਾ ਹੋਰ ਰਾਜਾਂ ਵਿੱਚ ਵੀ ਫੈਲ ਸਕਦਾ ਹੈ। ਪੰਜਾਬ ਵਿੱਚ ਵੀ ਈਸਾਈ ਵਿਰੋਧੀ ਭਾਵਨਾਵਾਂ ਭੜਕਾਉਣ ਦੀ ਸੁਗਬੁਗਾਹਟ ਸ਼ੁਰੂ ਹੋ ਚੁੱਕੀ ਹੈ। ਇੱਥੇ ਤਾਂ ਭਾਜਪਾ ਦੀ ਇਸ ਮੁਹਿਮ ਵਿੱਚ ਸਿੱਖਾਂ ਦਾ ਕੱਟੜਵਾਦੀ ਧੜਾ ਵੀ ਸ਼ਾਮਲ ਹੁੰਦਾ ਲੱਭ ਰਿਹਾ ਹੈ। ਹਰ ਜਮਹੂਰੀਅਤਪਸੰਦ ਦੇਸ਼ਭਗਤ ਵਿਅਕਤੀ ਨੂੰ ਇਨ੍ਹਾਂ ਕੋਸ਼ਿਸ਼ਾਂ ਦਾ ਵਿਰੋਧ ਕਰਨਾ ਚਾਹੀਦਾ ਹੈ।

ਪੁਰਾਣੀ ਪੈਨਸ਼ਨ ਸਕੀਮ ਲਾਗੂ ਹੋਣ 'ਤੇ ਕੇਂਦਰੀ ਏਜੰਸੀਆਂ ਨੂੰ ਤਰੇਲੀਆਂ ਕਿਉਂ ?

ਚਰਨ ਸਿੰਘ ਸਰਾਭਾ

27 ਦਸੰਬਰ 2022 ਦੀਆਂ ਅਖ਼ਬਾਰਾਂ ਵਿੱਚ ਪ੍ਰਧਾਨ ਮੰਤਰੀ ਜੀ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਮੈਂਬਰ ਸ੍ਰੀ ਸੰਜੀਵ ਸਨਿਆਲ ਦਾ ਬਿਆਨ ਛਪਿਆ ਕਿ ਕੁਝ ਸੂਬਿਆਂ ਦੀਆਂ ਸਰਕਾਰਾਂ ਵੱਲੋਂ ਉਨ੍ਹਾਂ ਦੇ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾ ਰਹੀ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ 'ਤੇ ਆਰਥਿਕ ਬੋਝ ਸਾਬਤ ਹੋਵੇਗੀ। ਇਸ ਤਰ੍ਹਾਂ ਇਹ ਬਹੁਤ ਕਠਿਨਾਈਆਂ ਨਾਲ ਆਰੰਭ ਕੀਤੇ ਗਏ ਪੈਨਸ਼ਨ ਸੁਧਾਰਾਂ ਨੂੰ ਉਲਟਾ ਗੇੜਾ ਦੇਣਾ ਹੋਵੇਗਾ। ਇਸ ਤੋਂ ਪਹਿਲਾਂ ਮਿਤੀ 13.12.2022 ਦੀਆਂ ਅਖ਼ਬਾਰੀ ਖ਼ਬਰਾਂ ਅਨੁਸਾਰ ਕੇਂਦਰ ਸਰਕਾਰ ਦੇ ਉਪ ਖ਼ਜ਼ਾਨਾ ਮੰਤਰੀ ਸ੍ਰੀ ਭਗਵਤ ਕਾਗਦ ਨੇ ਕਿਹਾ ਸੀ ਕਿ ਕੇਂਦਰ ਸਰਕਾਰ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਬਾਰੇ ਕੋਈ ਵਿਚਾਰ ਨਹੀਂ ਕਰ ਰਹੀ ਅਤੇ ਨਾ ਹੀ ਨਵੀਂ ਪੈਨਸ਼ਨ ਸਕੀਮ ਅਧੀਨ ਮੁਲਾਜ਼ਮਾਂ ਦੇ ਕੱਟੇ ਗਏ ਪੈਸੇ ਵਾਪਸ ਕਰਨ ਦੀ ਕੋਈ ਵਿਵਸਥਾ ਹੈ। ਇਸੇ ਤਰ੍ਹਾਂ ਅਤੇ ਇਸ ਤੋਂ ਪਹਿਲਾਂ 28 ਨਵੰਬਰ 2022 ਦੀਆਂ ਅਖ਼ਬਾਰਾਂ ਵਿੱਚ ਭਾਰਤੀ ਨੀਤੀ ਅਯੋਗ ਦੇ ਉਪ ਚੇਅਰਮੈਨ ਸ੍ਰੀ ਸੁਮਨ ਬੇਰੀ ਨੇ ਵੀ ਇੱਕ ਬਿਆਨ ਵਿੱਚ ਕੁਝ ਸੂਬਾ ਸਰਕਾਰਾਂ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਕਰਨ ਦੇ ਫ਼ੈਸਲੇ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਸੀ ਕਿ ਇਸ ਨਾਲ ਭਵਿੱਖ ਦੇ ਟੈਕਸਾਂ ਦਾਤਾਵਾਂ ਅਤੇ ਆਮ ਲੋਕਾਂ 'ਤੇ ਅਜਿਹੇ ਸਮੇਂ ਬੋਝ ਪਵੇਗਾ ਜਦੋਂ ਭਾਰਤ ਨੂੰ ਆਪਣੀ ਵਿੱਤੀ ਸਥਿਤੀ ਨੂੰ ਸੁਧਾਰਨ ਅਤੇ ਟਿਕਾਊ ਵਿਕਾਸ ਨੂੰ ਉਤਸ਼ਾਹਤ ਕਰਨ 'ਤੇ ਧਿਆਨ ਦੇਣ ਦੀ ਲੋੜ ਹੈ।

ਕੇਂਦਰ ਸਰਕਾਰ ਅਤੇ ਉਪਰੋਕਤ ਅਦਾਰਿਆਂ ਦੇ ਇਹ ਪ੍ਰਤੀਕਰਮ ਪਿਛਲੇ ਮਹੀਨਿਆਂ ਵਿੱਚ ਰਾਜਸਥਾਨ ਅਤੇ ਛਤੀਸਗੜ੍ਹ ਦੀਆਂ ਸਰਕਾਰਾਂ ਵੱਲੋਂ 1.1.2004 ਅਤੇ ਇਸ ਪਿੱਛੋਂ ਨੌਕਰੀ ਵਿੱਚ ਆਏ ਕਰਮਚਾਰੀਆਂ ਲਈ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਅਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਸਮੇਂ ਹਿਮਾਚਲ ਪ੍ਰਦੇਸ਼ ਦੀ ਕਾਂਗਰਸ ਪਾਰਟੀ ਵੱਲੋਂ ਸਰਕਾਰ ਬਣਨ ਉਪਰੰਤ ਹਿਮਾਚਲ ਪ੍ਰਦੇਸ਼ ਵਿੱਚ ਵੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਨੂੰ ਮੁੱਖ ਚੋਣ ਮੁੱਦਾ ਬਣਾਇਆ ਸੀ ਅਤੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਵੀ ਇਸ ਸੰਬੰਧੀ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਅਤੇ ਗੁਜਰਾਤ ਚੋਣਾਂ ਉਪਰੰਤ ਗੁਜਰਾਤ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਉਪਰੰਤ ਗੁਜਰਾਤ ਵਿੱਚ ਵੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਨੂੰ ਚੋਣ-ਮੁੱਦਾ ਬਣਾਉਣ ਉਪਰੰਤ ਆਏ ਸਨ ਅਤੇ ਆ ਰਹੇ ਹਨ। ਅਜਿਹੇ ਸਰਕਾਰੀ ਬਿਆਨ ਅਤੇ ਪ੍ਰਤੀਕਰਮ ਹੀ ਦੱਸਦੇ ਹਨ ਕਿ ਹੁਣ ਇੱਕ ਜਨਵਰੀ 2004 ਨੂੰ ਅਤੇ ਇਸ ਤੋਂ ਪਿੱਛੋਂ ਸਰਕਾਰੀ ਨੌਕਰੀ ਵਿੱਚ ਆਏ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦਾ ਮੁੱਦਾ ਹੁਣ ਦੇਸ਼ ਭਰ ਵਿੱਚ ਭਖਦਾ ਮੁੱਦਾ ਬਣ ਗਿਆ ਹੈ। ਅਤੇ ਰਾਜਨੀਤਕ ਵਿਸ਼ਲੇਸ਼ਣਕਾਰਾਂ ਦੀ ਰਾਇ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਪੁਰਾਣੀ ਪੈਨਸ਼ਨ ਸਕੀਮ ਦਾ ਮੁੱਦਾ ਮੁੱਖ ਚੋਣ ਮੁੱਦਾ ਹੋਵੇਗਾ।

ਇਸ ਤਰ੍ਹਾਂ ਅੱਜ ਦੇਸ਼ ਭਰ ਵਿੱਚ ਕੇਂਦਰੀ ਅਤੇ ਸੂਬਾਈ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਅਤੇ ਨਵੀਂ ਪੈਨਸ਼ਨ ਸਕੀਮ ਦਾ ਵਿਵਾਦ ਹੋਰ ਤੇਜ਼ ਹੋ ਰਿਹਾ ਹੈ। ਲੋੜ ਹੈ ਇਸ ਵਿਵਸਥਾ ਦੇ ਪਿਛੋਕੜ ਵਿੱਚ ਜਾਣ ਦੀ, ਕਿਉਂਕਿ ਕੇਂਦਰ ਦੀ ਵਾਜਪਾਈ ਸਰਕਾਰ ਨੇ ਦਸੰਬਰ 2003 ਵਿੱਚ ਇੱਕ ਵਿਸ਼ੇਸ਼ ਆਰਡੀਨੈਂਸ ਰਾਹੀਂ ਨਵੀਂ ਪੈਨਸ਼ਨ ਸਕੀਮ ਭਾਵ ਕੰਟਰੀਬਿਊਟਰੀ ਪੈਨਸ਼ਨ ਸਕੀਮ ਲਾਗੂ ਕਰਕੇ ਮੁਲਾਜ਼ਮਾਂ ਕੋਲੋਂ ਪੈਨਸ਼ਨ ਦਾ ਹੱਕ ਖੋਹ ਲਿਆ ਸੀ। ਇਥੇ ਇਹ ਦੱਸਿਆ ਜਾਂਦਾ ਹੈ ਕਿ ਸਰਕਾਰੀ ਮੁਲਾਜ਼ਮਾਂ ਦੇ ਪੈਨਸ਼ਨ ਦੇ ਹੱਕ ਸੰਬੰਧੀ ਦਸੰਬਰ 1981 ਵਿੱਚ ਭਾਰਤ ਦੀ ਮਾਨਯੋਗ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਸੰਵਿਧਾਨ ਦੀ ਵਿਵਸਥਾ ਅਤੇ 1972 ਦੇ ਨਿਯਮਾਂ ਅਨੁਸਾਰ ਪੈਨਸ਼ਨ ਮੁਲਾਜ਼ਮਾਂ ਦਾ ਕਾਨੂੰਨੀ ਅਤੇ ਸੰਵਿਧਾਨਕ ਹੱਕ ਹੈ।

ਭਾਰਤੀ ਸੁਪਰੀਮ ਕੋਰਟ ਦੇ 17 ਦਸੰਬਰ 1981 ਨੂੰ ਦਿੱਤੇ ਇਸ ਫੈਸਲੇ ਦੇ ਆਧਾਰ ਤੇ ਹੀ ਭਾਰਤ ਭਰ ਵਿੱਚ ਹਰ ਸਾਲ 17 ਦਸੰਬਰ ਦਾ ਦਿਨ 'ਪੈਨਸ਼ਨ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਪ੍ਰੈੱਸ ਦੀਆਂ ਖ਼ਬਰਾਂ ਅਨੁਸਾਰ ਸੁਪਰੀਮ ਕੋਰਟ ਨੇ ਇਸ ਵਿੱਚ ਇਹ ਵੀ ਕਿਹਾ ਸੀ ਕਿ ਪੈਨਸ਼ਨਰ ਵੱਲੋਂ ਆਪਣੀ ਜਵਾਨੀ ਦੀ ਅਵਸਥਾ ਵਿੱਚ ਕੀਤੀਆਂ ਸੇਵਾਵਾਂ ਬਦਲੇ ਉਸ ਨੂੰ ਸਮਾਜਿਕ ਅਤੇ ਆਰਥਿਕ ਇਨਸਾਫ਼ ਦੇਣ ਲਈ ਬੁਢਾਪੇ ਦੀ ਅਵਸਥਾ ਵਿੱਚ ਇਹ ਸੁਰੱਖਿਅਤਾ ਯਕੀਨੀ ਬਣਾਉਣ ਦੀ ਵਿਵਸਥਾ ਹੈ ਤਾਂ ਕਿ ਬੁਢਾਪੇ ਸਮੇਂ ਉਸ ਨੂੰ ਬੇਸਹਾਰਾ ਨਾ ਬਣਾਇਆ ਜਾਵੇ। ਇਸ ਵਾਦ-ਵਿਵਾਦ ਵਾਲੀ ਵਿਵਸਥਾ ਸੰਬੰਧੀ ਉਪਰੋਕਤ ਦੱਸੀਆਂ ਕੇਂਦਰੀ ਏਜੰਸੀਆਂ ਅਤੇ ਉਪ ਖ਼ਜ਼ਾਨਾ ਮੰਤਰੀ ਦੇ ਬਿਆਨ ਉਪਰੰਤ ਰਾਜਸਥਾਨ ਦੇ ਮੁੱਖ ਮੰਤਰੀ ਸ੍ਰੀ ਅਸ਼ੋਕ ਗਹਿਲੋਤ ਵੱਲੋਂ 18.12.2022 ਦੇ ਇੱਕ ਪ੍ਰਸਿੱਧ ਅੰਗਰੇਜ਼ੀ ਅਖ਼ਬਾਰ ਵਿੱਚ ਛਪੇ ਬਿਆਨ ਵਿੱਚ ਕਿਹਾ ਗਿਆ ਸੀ ਕਿ ਪੁਰਾਣੀ ਪੈਨਸ਼ਨ ਸਕੀਮ ਸੇਵਾ-ਮੁਕਤ ਮੁਲਾਜ਼ਮਾਂ ਨੂੰ ਬੁਢਾਪੇ ਵਿੱਚ ਸਮਾਜਿਕ ਸੁਰੱਖਿਆ ਦੇਣ ਸੰਬੰਧੀ ਇੱਕ ਜ਼ਰੂਰੀ ਵਿਵਸਥਾ ਹੈ। ਸ੍ਰੀ ਅਸ਼ੋਕ ਗਹਿਲੋਤ ਨੇ ਜ਼ੋਰ ਦੇ ਕੇ ਕਿਹਾ ਕਿ ਪੁਰਾਣੀ ਪੈਨਸ਼ਨ ਵਾਲੇ ਇਨ੍ਹਾਂ ਮੁਲਾਜ਼ਮਾਂ ਨੇ ਕੌਮੀ ਵਿਕਾਸ ਵਿੱਚ ਵੱਡਾ ਹਿੱਸਾ ਪਾਇਆ ਹੁੰਦਾ ਹੈ। ਸੂਬਾ ਸਰਕਾਰ ਪੈਨਸ਼ਨ ਸੰਬੰਧੀ ਸੂਬੇ ਦੇ ਕਨਸੋਲੀਡੇਟਡ ਫੰਡ ਵਿੱਚੋਂ ਪੈਨਸ਼ਨ ਦੇਣ ਦਾ ਫ਼ੈਸਲਾ ਲੈਣ ਦੇ ਸਮਰੱਥ ਹੈ। ਕੇਂਦਰ ਸਰਕਾਰ ਵੱਲੋਂ ਪੈਨਸ਼ਨ ਫੰਡ ਰੈਗੂਲੇਟਰੀ ਡਿਵੈੱਲਪਮੈਂਟ ਅਥਾਰਟੀ ਵੱਲੋਂ ਨਵੀਂ ਪੈਨਸ਼ਨ ਸਕੀਮ ਅਧੀਨ ਕੱਟੇ ਅਤੇ ਜਮ੍ਹਾਂ ਹੋਏ ਪੈਸੇ ਵਾਪਸ ਕਰਨ ਤੋਂ ਇਨਕਾਰ ਕਰਨ ਸੰਬੰਧੀ ਸ੍ਰੀ ਗਹਿਲੋਤ ਨੇ ਕਿਹਾ ਕਿ ਅਸੀਂ ਇਸ ਦੀ ਵਾਪਸੀ ਵਾਸਤੇ ਲੜਦੇ ਰਹਾਂਗੇ। ਕੇਂਦਰ ਸਰਕਾਰ ਲੰਬੇ ਸਮੇਂ ਤੱਕ ਇਹ ਪੈਸੇ ਰੱਖ ਨਹੀਂ ਸਕੇਗੀ। ਨਵੀਂ ਪੈਨਸ਼ਨ ਬਾਰੇ ਸ੍ਰੀ ਗਹਿਲੋਤ ਨੇ ਇਸ ਬਿਆਨ ਵਿੱਚ ਕੈਗ ਦੀ ਰਿਪੋਰਟ ਦਾ ਜ਼ਿਕਰ ਵੀ ਕੀਤਾ, ਜਿਸ ਵਿੱਚ ਕੈਗ ਨੇ 2018 ਦੇ ਸਾਲ ਸੰਬੰਧੀ ਆਪਣੀ ਰਿਪੋਰਟ ਵਿੱਚ ਕਿਹਾ ਸੀ ਕਿ ਨਵੀਂ ਪੈਨਸ਼ਨ ਸਕੀਮ ਮੁਲਾਜ਼ਮਾਂ ਨੂੰ ਸਮਾਜਿਕ ਅਤੇ ਆਰਥਿਕ ਸੁਰੱਖਿਅਤਾ ਦੇਣ ਵਿੱਚ ਫੇਲ੍ਹ ਹੋਈ ਹੈ। ਇਸੇ ਬਿਆਨ ਵਿੱਚ ਇਹ ਵੀ ਜ਼ਿਕਰ ਹੈ ਕਿ ਪੀ ਐੱਫ ਆਰ ਡੀ ਏ ਨੇ ਇਸ ਫੰਡ ਵਿੱਚੋਂ 1600 ਕਰੋੜ ਰੁਪਏ ਮਾਰਕਿਟ ਵਿੱਚ ਲਾਏ ਸਨ, ਉਹ ਡੁੱਬਣ ਦੇ ਕੰਢੇ ਹਨ। ਇੱਥੇ ਫਿਰ ਦੁਹਰਾਇਆ ਜਾਂਦਾ ਹੈ ਕਿ ਕੇਂਦਰ ਸਰਕਾਰ ਦੀਆਂ ਉਪਰ ਦੱਸੀਆਂ ਏਜੰਸੀਆਂ ਦਾ ਇਹ ਪੱਖ ਰਿਹਾ ਹੈ ਕਿ ਜੇਕਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਹੁੰਦੀ ਹੈ ਤਾਂ ਆਮ ਲੋਕਾਂ ਵੱਲੋਂ ਦਿੱਤੇ ਗਏ ਟੈਕਸਾਂ ਉਪਰ ਹੀ ਬੋਝ ਬਣ ਜਾਵੇਗੀ। ਇਨ੍ਹਾਂ ਏਜੰਸੀਆਂ ਦੇ ਇਸ ਬਿਆਨ ਸੰਬੰਧੀ ਇਹ ਪ੍ਰਸ਼ਨ ਸਾਂਝਾ ਕੀਤਾ ਜਾਂਦਾ ਹੈ ਕਿ ਜਦੋਂ ਕੇਂਦਰ ਦੀ ਸਰਕਾਰ ਨੇ ਪਿਛਲੇ ਸਾਲਾਂ ਵਿੱਚ ਵੱਡੇ ਕਾਰਪੋਰੇਟ ਘਰਾਣਿਆਂ ਦੇ ਲੱਗਭੱਗ ਦਸ ਲੱਖ ਕਰੋੜ ਦੇ ਕਰਜ਼ੇ ਮੁਆਫ਼ ਕੀਤੇ ਤਾਂ ਉਦੋਂ ਭਾਰਤ ਦੇ ਟੈਕਸ ਦੇਣ ਵਾਲੇ ਜਨ ਸਮੂਹਾਂ ਦੇ ਹਿੱਤਾਂ ਦੀ ਗੱਲ ਤੁਹਾਡੇ ਵਿਚਾਰ ਵਿੱਚ ਕਿਉਂ ਨਹੀਂ ਆਈ। ਨਵੀਂ ਪੈਨਸ਼ਨ ਸਕੀਮ ਅਧੀਨ ਵੀ ਮੁਲਾਜ਼ਮ ਦੀ ਤਨਖ਼ਾਹ ਵਿੱਚ ਕੀਤੀ ਜਾਂਦੀ 10 ਪ੍ਰਤੀਸ਼ਤ ਕਟੌਤੀ ਦੀ ਰਾਸ਼ੀ ਅਤੇ ਸਰਕਾਰ ਵੱਲੋਂ ਪਾਈ 14 ਪ੍ਰਤੀਸ਼ਤ ਰਾਸ਼ੀ ਵੀ ਪੀ ਐਫ ਆਰ ਐਲ ਏ ਵੱਲੋਂ ਪ੍ਰਾਈਵੇਟ ਸਟਾਕ ਮਾਰਕਿਟ ਰਾਹੀਂ ਵੱਡੇ ਵਪਾਰੀਆਂ ਅਤੇ ਵਿਦੇਸ਼ੀ ਕੰਪਨੀਆਂ ਹਵਾਲੇ ਕਰਨ ਦਾ ਹੀ ਢੰਗ ਹੈ। ਕੀ ਸਰਕਾਰੀ ਏਜੰਸੀਆਂ ਨੇ ਇਹ ਵਿਵਸਥਾ ਵੀ ਜਨਸਮੂਹ ਨਾਲ ਸਾਂਝੀ ਕੀਤੀ ਹੈ। ਇਸ ਤੋਂ ਹੋਰ ਅੱਗੇ ਕੀ ਸਰਕਾਰੀ ਮੁਲਾਜ਼ਮ ਵੀ ਬਣਦੇ ਇਨਕਮ ਟੈਕਸ ਤੋਂ ਲੈ ਕੇ ਆਪਣੇ ਜੀਵਨ ਲਈ ਲੋੜੀਂਦੀਆਂ ਵਸਤਾਂ ਦੀ ਖ਼ਰੀਦ ਕਰਦੇ ਸਮੇਂ ਬਣਦਾ ਟੈਕਸ ਵੀ ਨਹੀਂ ਦਿੰਦੇ? ਇਸ ਤਰ੍ਹਾਂ ਕੀ ਸਰਕਾਰੀ ਮੁਲਾਜ਼ਮ ਵੀ ਟੈਕਸ ਪੇਅਰ ਨਹੀਂ ਹਨ? ਜਿਨ੍ਹਾਂ ਵਿਰੁੱਧ ਇਹ ਸਰਕਾਰੀ ਏਜੰਸੀਆਂ ਬਿਆਨਬਾਜ਼ੀ ਕਰ ਰਹੀਆਂ ਹਨ। ਇਸ ਤੋਂ ਬਿਨਾਂ ਇਹ ਪ੍ਰਸ਼ਨ ਵੀ ਹੈ ਕਿ ਕੇਂਦਰੀ ਸਰਕਾਰ ਦੇ ਮੰਤਰੀ ਲੋਕ ਸਭਾ ਅਤੇ ਰਾਜ ਸਭਾ ਮੈਂਬਰ ਵੀ ਰਿਟਾਇਰਮੈਂਟ ਉਪਰੰਤ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਵਾਂਗ ਨਿਸ਼ਚਿਤ ਲਾਭਾਂ ਵਾਲੀ ਵਿਵਸਥਾ ਅਨੁਸਾਰ ਪੈਨਸ਼ਨ ਅਤੇ ਹੋਰ ਸਹੂਲਤਾਂ ਲੈਂਦੇ ਹਨ ਅਤੇ ਇਨ੍ਹਾਂ ਵਿੱਚ ਸਮੇਂ-ਸਮੇਂ ਉਪਰੰਤ ਵਾਧੇ ਵੀ ਕੀਤੇ ਜਾਂਦੇ ਰਹਿੰਦੇ ਹਨ, ਜਦੋਂ ਕਿ ਲੋਕ ਸਭਾ ਜਾਂ ਰਾਜ ਸਭਾ ਦੇ ਮੈਂਬਰ ਹੋਣ ਸਮੇਂ ਇਨ੍ਹਾਂ ਨੇ ਆਪਣੀ ਬਣਦੀ ਉਜਰਤ ਵਿੱਚੋਂ ਕੋਈ ਵੀ ਕਟੌਤੀ ਨਹੀਂ ਕਰਵਾਈ ਹੁੰਦੀ।

ਇੱਥੇ ਇੱਕ ਹੋਰ ਤੱਥ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜਦੋਂ ਮੁਲ

4-JAN-PAGE-5.qxd 1/3/2023 10:32 PM Page 1

ਮਾਮਲਾ ਭਾਰਤ ਮਾਲਾ ਸੜਕ ਦੇ ਨਿਰਮਾਣ ਦਾ

ਜ਼ਮੀਨ 'ਤੇ ਕਬਜ਼ਾ ਕਰਨ ਆਏ ਅਧਿਕਾਰੀ ਕਿਸਾਨਾਂ ਵੱਲੋਂ ਵਿਰੋਧ ਹੋਣ 'ਤੇ ਬੇਰੰਗ ਪਰਤੇ

■ ਟਿਊਬਵੈੱਲ ਬੋਰਾਂ, ਕੋਠਿਆਂ ਤੇ ਦਰੱਖਤਾਂ ਦੇ ਮੁਆਵਜ਼ੇ ਸਮੇਤ ਕੁੱਝ ਕਿਸਾਨਾਂ ਦਾ ਖੜਾ ਬਕਾਇਆ ਦਿੱਤੇ ਬਿਨਾਂ ਕਬਜ਼ਾ ਨਹੀਂ ਦਿਆਂਗੇ : ਕਿਸਾਨ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)

ਭਾਰਤ ਮਾਲਾ ਅਮ੍ਰਿਤਸਰ ਤੋਂ ਜਾਮਨਗਰ (ਗੁਜਰਾਤ) ਗਰੀਨ ਐਕਸਪ੍ਰੈੱਸ ਮਾਰਗ ਲਈ ਐਕਵਾਇਰ ਜ਼ਮੀਨ 'ਤੇ ਕਬਜ਼ੇ ਲਈ ਜੇ. ਸੀ. ਬੀ. ਮਸ਼ੀਨਾਂ, ਟਰੈਕਟਰ ਤੇ ਵੱਡੀ ਗਿਣਤੀ ਪੁਲਸ ਫੋਰਸ ਦੇ ਨਾਲ ਮੰਗਲਵਾਰ ਸਵੇਰੇ ਸਵਖਤੇ 4:00 ਵਜੇ ਲਹਿਰਾ ਮੁਹੱਬਤ ਪਹੁੰਚੇ ਨੈਸ਼ਨਲ ਹਾਈਵੇਅ ਅਥਾਰਟੀ ਦੇ ਅਧਿਕਾਰੀਆਂ ਨੂੰ ਲਹਿਰਾ ਮੁਹੱਬਤ ਸਮੇਤ ਆਸ-ਪਾਸ ਦੇ ਪਿੰਡਾਂ ਦੇ ਜ਼ਮੀਨ ਪ੍ਰਭਾਵਿਤ ਕਿਸਾਨਾਂ ਵੱਲੋਂ ਮੌਕੇ 'ਤੇ ਇਕੱਠੇ ਹੋ ਕੇ ਵਿਰੋਧ ਤੇ ਘਿਰਾਓ ਕਰਨ 'ਤੇ ਪ੍ਰਸ਼ਾਸਨ ਨੂੰ ਕਿਸਾਨਾਂ ਦੇ ਰੋਹ ਕਰਕੇ ਵਾਪਸ ਬੇਰੰਗ ਮੁੜਨ ਲਈ ਮਜਬੂਰ ਹੋਣਾ ਪਿਆ।

ਕਬਜ਼ਾ ਕਰਨ ਬਾਰੇ ਭਿਣਕ ਲੱਗਦਿਆਂ ਹੀ ਧੁੰਦ ਤੇ ਕੜਾਕੇ ਦੀ ਸਰਦੀ ਦੀ ਬਿਨਾਂ ਪ੍ਰਵਾਹ ਕੀਤਿਆਂ ਕਿਸਾਨ ਜਥੇਬੰਦੀਆਂ 'ਡਕੌਂਦਾ', 'ਸਿੱਧੂਪੁਰ', 'ਕ੍ਰਾਂਤੀਕਾਰੀ' ਤੇ 'ਉਗਰਾਹਾਂ' ਦੀ ਅਗਵਾਈ ਵਿੱਚ ਲਹਿਰਾ ਮੁਹੱਬਤ, ਲਹਿਰਾ ਖਾਨਾ, ਲਹਿਰਾ ਬੇਗਾ ਤੇ ਮਹਿਰਾਜ ਆਦਿ ਪਿੰਡਾਂ ਤੋਂ ਪਹੁੰਚੇ ਕਿਸਾਨਾਂ ਨੇ ਸਵੇਰੇ 4 ਵਜੇ ਤੋਂ 11 ਵਜੇ ਤੱਕ ਬਾਠ ਰੋਡ 'ਤੇ ਸੀਮੈਂਟ ਫੈਕਟਰੀ ਤੱਕ ਲੱਗਭੱਗ ਤਿੰਨ ਕਿਲੋਮੀਟਰ ਤੱਕ ਸੜਕ ਜਾਮ ਲਗਾਈ ਰੱਖਿਆ। ਆਖਿਰ ਐੱਨ. ਐੱਚ. ਅਧਿਕਾਰੀਆਂ ਨੂੰ ਵਾਪਸ ਪਰਤਣਾ ਪਿਆ। ਕਿਸਾਨਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਟਿਊਬਵੈੱਲ ਬੋਰਾਂ, ਦਰੱਖਤਾਂ ਤੇ ਕੋਠਿਆਂ ਦਾ ਪੂਰਾ ਮੁਆਵਜ਼ਾ ਨਹੀਂ ਮਿਲ ਜਾਂਦਾ, ਉਹ ਜ਼ਮੀਨ ਉੱਪਰ ਕਬਜ਼ਾ ਨਹੀਂ ਕਰਨ ਦੇਣਗੇ।

ਕਿਸਾਨਾਂ ਨੇ ਦੱਸਿਆ ਕਿ ਜ਼ਿਲ੍ਹੇ ਦੇ ਮਹਿਰਾਜ ਤੋਂ ਲੈ ਕੇ ਫੂਲੇਵਾਲਾ ਤੱਕ ਛੇ ਪਿੰਡਾਂ ਦੇ 500 ਫੁੱਟ ਡੂੰਘੇ ਟਿਊਬਵੈੱਲਾਂ ਦੀ ਕੀਮਤ ਪ੍ਰਤੀ ਬੋਰ 7 ਲੱਖ ਰੁਪਏ ਪਾਈ ਗਈ ਹੈ, ਪ੍ਰੰਤੂ ਲਹਿਰਾ ਮੁਹੱਬਤ ਸਮੇਤ ਬਾਕੀ 31 ਪਿੰਡਾਂ ਦੇ ਐਕਵਾਇਰ ਜ਼ਮੀਨਾਂ ਵਿੱਚ ਆਉਂਦੇ ਅਜਿਹੇ ਹੀ ਟਿਊਬਵੈੱਲਾਂ ਬੋਰਾਂ ਦੀ ਕੀਮਤ ਬਹੁਤ ਹੀ ਘੱਟ ਪਾਈ ਜਾ ਰਹੀ ਹੈ, ਇਹ ਕਿਸਾਨਾਂ ਲਾਲ ਸਰਾਸਰ ਧੱਕਾ ਹੈ। ਸਾਰਿਆਂ ਲਈ ਹੀ ਇੱਕੋ ਜਿਹੀ ਕੀਮਤ ਪਾਈ ਜਾਵੇ। ਕਿਸਾਨਾਂ ਨੇ ਚੇਤਾਵਨੀ ਦਿੱਤੀ ਕਿ ਜਦੋਂ ਤੱਕ ਮੀਟਿੰਗ ਦੇ ਕੇ ਮੰਗਾਂ ਦਾ ਹੱਲ ਨਹੀਂ ਹੁੰਦਾ, ਉਨੀਂ ਦੇਰ ਤੱਕ ਅਧਿਕਾਰੀਆਂ ਨੂੰ ਜ਼ਮੀਨ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ।

ਕਬਜ਼ਾ ਕਰਨ ਪਹੁੰਚੇ ਐੱਨ ਐੱਚ ਅਧਿਕਾਰੀ ਤੇ ਪੁਲਸ ਫੋਰਸ ਦੇ ਵਿਰੋਧ 'ਚ ਇਕੱਠੇ ਹੋਏ ਕਿਸਾਨ (ਹੇਠਾਂ) ਵੱਡੀ ਗਿਣਤੀ 'ਚ ਪੁਲਸ ਫੋਰਸ ਦੇ ਅਧਿਕਾਰੀ, ਜਵਾਨ ਤੇ ਮਹਿਲਾ ਪੁਲਸ।

ਕੇਂਦਰੀ ਜੇਲ੍ਹ 'ਚੋਂ 2 ਮੋਬਾਇਲ ਬਰਾਮਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿੱਚ ਤਲਾਸ਼ੀ ਦੌਰਾਨ 2 ਮੋਬਾਇਲ ਫੋਨ ਤੇ 73 ਪੂੜੀਆਂ ਜਰਦਾ ਬਰਾਮਦ ਕਰਕੇ ਇੱਕ ਹਵਾਲਾਤੀ ਸਮੇਤ ਅਣਪਛਾਤੇ ਵਿਅਕਤੀਆਂ ਖਿਲਾਫ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਹੌਲਦਾਰ ਮਨਦੀਪ ਕੁਮਾਰ ਨੇ ਦੱਸਿਆ ਕਿ ਪੱਤਰ ਨੰਬਰ 2670 ਤੇ 2713 ਰਾਹੀਂ ਜਸਵੀਰ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 30 ਦਸੰਬਰ 2022 ਨੂੰ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਲੰਗਰ ਹਾਲ ਸਾਹਮਣੇ ਬਣੇ ਸ਼ੈੱਡ ਕੋਲੋਂ ਥਰੋ ਕੀਤਾ ਗਿਆ ਪੈਕਟ ਬਰਾਮਦ ਹੋਇਆ, ਜਿਸ ਨੂੰ ਖੋਲ੍ਹ ਕੇ ਚੈੱਕ ਕਰਨ 'ਤੇ ਇਸ ਵਿੱਚੋਂ 73 ਪੂੜੀਆਂ ਜਰਦਾ ਬਰਾਮਦ ਹੋਇਆ। ਬੀਤੀ 2 ਜਨਵਰੀ 2023 ਨੂੰ ਬੈਰਕ ਨੰਬਰ 3 ਦੀ ਤਲਾਸ਼ੀ ਕੀਤੀ ਗਈ ਤਾਂ ਬੈਰਕ ਦੇ ਅੰਦਰ ਬਣੇ ਜੰਗਲੇ ਕੋਲੋਂ 1 ਮੋਬਾਇਲ ਫੋਨ ਸੈਮਸੰਗ ਕੀਪੈਡ, ਇਕ ਡਾਟਾ ਕੇਬਲ ਬਰਾਮਦ ਹੋਈ।

ਹੌਲਦਾਰ ਮਨਦੀਪ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 2716 ਰਾਹੀਂ ਕਸ਼ਮੀਰ ਚੰਦ ਸਹਾਹਿਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 2 ਜਨਵਰੀ 2023 ਨੂੰ ਬਲਾਕ ਨੰਬਰ ਦੀ ਬੈਰਕ ਨੰਬਰ 3 ਦੀ ਤਲਾਸ਼ੀ ਕੀਤੀ ਗਈ ਤਾਂ ਤਲਾਸ਼ੀ ਦੌਰਾਨ ਹਵਾਲਾਤੀ ਸ਼ੇਰ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਅਜੀਤ ਨਗਰ ਥਾਣਾ ਰਾਮਾ ਮੰਡੀ ਜਲੰਧਰ ਕੋਲੋਂ ਇਕ ਮੋਬਾਇਲ ਫੋਨ ਸੈਮਸੰਗ ਕੀਪੈਡ ਬਰਾਮਦ ਹੋਇਆ।

ਟੋਲ ਪਲਾਜ਼ਾ ਸੰਘਰਸ਼ 'ਚ ਉਤਰਨਗੇ ਪੰਜਾਬ ਰੋਡਵੇਜ਼, ਪਨਬੱਸ, ਪੀ ਆਰ ਟੀ ਸੀ ਮੁਲਾਜ਼ਮ : ਰੇਸ਼ਮ ਸਿੰਘ ਗਿੱਲ

ਲੁਧਿਆਣਾ (ਐਮ ਐਸ ਭਾਟੀਆ, ਰੈਕਟਰ ਕਥੂਰੀਆ)-ਅੱਜ ਪੰਜਾਬ ਰੋਡਵੇਜ਼/ਪਨਬਸ/ਪੀ ਆਰ ਟੀ ਸੀ, ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ 25/11 ਦੀ ਸੂਬਾ ਕਮੇਟੀ ਵੱਲੋਂ ਪ੍ਰੈੱਸ ਨੋਟ ਜਾਰੀ ਕਰਦਿਆਂ ਸੰਸਥਾਪਕ ਕਮਲ ਕੁਮਾਰ, ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਨੇ ਕਿਹਾ ਕਿ ਪੂਰਾ ਪੰਜਾਬ ਅੱਜ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਸੰਘਰਸ਼ ਦੇ ਰਾਹ 'ਤੇ ਹੈ। ਇਨ੍ਹਾਂ ਨੀਤੀਆਂ ਖਿਲਾਫ ਰੋਸ ਵੀ ਵਧ ਰਿਹਾ ਹੈ। ਸਿੱਟੇ ਵਜੋਂ ਕੇਂਦਰ ਸਰਕਾਰ ਦੀਆਂ ਅਤੇ ਪੰਜਾਬ ਸਰਕਾਰ ਦੀਆਂ ਮਾੜੀਆਂ ਨੀਤੀਆਂ ਖਿਲਾਫ ਵੱਖ ਵੱਖ ਥਾਵਾਂ ੍ਹ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਟੋਲ ਪਲਾਜ਼ਿਆਂ 'ਤੇ ਇੱਕ ਮਹੀਨੇ ਲਈ ਲੱਗੇ ਮੋਰਚੇ ਦੀ ਅਸੀਂ ਵੀ ਹਮਾਇਤ ਕਰਦੇ ਹਾਂ। ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਵੱਲੋਂ ਟੋਲ ਪਲਾਜ਼ਾ ਦੇ ਨਾਂਅ 'ਤੇ ਆਮ ਲੋਕਾਂ ਦੀ ਅੰਨ੍ਹੀ ਲੁੱਟ ਕੀਤੀ ਜਾ ਰਹੀ ਹੈ। ਹਰ ਭਾਰਤੀ ਰੋਡ ਟੈਕਸ ਦੇਣ ਉਪਰੰਤ ਹੀ ਆਪਣੇ ਵ੍ਹੀਕਲ ਨੂੰ ਰੋਡ 'ਤੇ ਉਤਾਰਦਾ ਹੈ ਅਤੇ ਇਹ ਪੈਸਾ ਸਰਕਾਰ ਨੂੰ ਜਾਂਦਾ ਹੈ ਜਿਸ ਦੇ ਬਦਲੇ ਸਰਕਾਰ ਦਾ ਫਰਜ਼ ਬਣਦਾ ਹੈ ਕਿ ਲੋਕਾਂ ਨੂੰ ਸੜਕਾਂ ਮੁਹੱਈਆ ਕਰਵਾਏ ਪ੍ਰੰਤੂ ਸਰਕਾਰ ਇਸ ਦੇ ਉਲਟ ਲੋਕਾਂ ਦੀ ਲੁੱਟ ਕਰਨ ਲਈ ਕਾਰਪੋਰੇਟ ਘਰਾਣਿਆਂ ਨੂੰ ਰੋਡ ਬਣਾਉਣ ਦੇ ਟੈਂਡਰ ਦਿੰਦੀ ਹੈ ਅਤੇ ਫੇਰ ਆਮ ਲੋਕਾਂ ਦੀ ਲਗਾਤਾਰ ਲੁੱਟ ਕੀਤੀ ਜਾਂਦੀ ਹੈ। ਇਸ ਲੜਾਈ ਨੂੰ ਲੜ ਰਹੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਪੰਜਾਬ ਰੋਡਵੇਜ਼ ਪਨਬਸ ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਹਮਾਇਤ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਪੰਜਾਬ ਅੰਦਰ ਜੀਰਾ ਫੈਕਟਰੀ ਅੱਗੇ ਚੱਲ ਰਹੇ ਧਰਨੇ ਜਿਸ ਵਿੱਚ ਪੰਜਾਬ ਦੇ ਪਾਣੀ ਦੀ ਨੂੰ ਬਚਾਉਣ ਲਈ ਸੰਘਰਸ਼ ਚੱਲ ਰਿਹਾ ਹੈ ਯੂਨੀਅਨ ਵਲੋਂ ਹਮਾਇਤ ਦਾ ਐਲਾਨ ਵੀ ਕੀਤਾ ਗਿਆ।

ਸੀਨੀ. ਮੀਤ ਪ੍ਰਧਾਨ ਹਰਕੇਸ਼ ਕੁਮਾਰ ਵਿੱਕੀ, ਸੀ. ਮੀਤ ਪ੍ਰਧਾਨ ਬਲਜੀਤ ਸਿੰਘ, ਸੈਕਟਰੀ ਸ਼ਮਸ਼ੇਰ ਸਿੰਘ ਢਿੱਲੋਂ, ਕੈਸ਼ੀਅਰ ਬਲਜਿੰਦਰ ਸਿੰਘ,ਜ. ਸਕੱਤਰ ਜਗਤਾਰ ਸਿੰਘ,ਜੋਧ ਸਿੰਘ,ਜਲੋਰ ਸਿੰਘ ਨੇ ਕਿਹਾ ਕਿ ਪਿਛਲੇ ਚਾਰ ਦਿਨਾਂ ਤੋਂ ਟਰੱਕ ਅਪਰੇਟਰਾਂ ਨੇ ਵੀ ਲੁਧਿਆਣਾ ਦਿੱਲੀ ਹਾਈਵੇ ਜਾਮ ਕੀਤਾ ਹੋਇਆ ਹੈ ਪ੍ਰੰਤੂ ਪੰਜਾਬ ਸਰਕਾਰ ਵੱਲੋਂ ਮੰਗਾਂ ਦਾ ਹੱਲ ਨਹੀਂ ਕੱਢਿਆ ਜਾ ਰਿਹਾ। ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਰਾਠ, ਗੁਰਪ੍ਰੀਤ ਸਿੰਘ ਪੰਨੂ, ਕੁਲਵੰਤ ਸਿੰਘ, ਦਲਜੀਤ ਸਿੰਘ, ਜਗਜੀਤ ਸਿੰਘ,ਪ੍ਰਦੀਪ ਕੁਮਾਰ, ਬਲਜੀਤ ਸਿੰਘ, ਰਮਨਦੀਪ ਸਿੰਘ, ਹਰਪ੍ਰੀਤ ਸਿੰਘ ਸੋਢੀ, ਜਤਿੰਦਰ ਸਿੰਘ, ਸਤਵਿੰਦਰ ਸਿੰਘ ਆਦਿ ਆਗੂਆਂ ਨੇ ਕਿਹਾ ਕਿ ਯੂਨੀਅਨ ਵੱਲੋਂ ਟੋਲ ਪਲਾਜ਼ਿਆਂ 'ਤੇ ਬੈਠੇ ਕਿਸਾਨਾਂ ਦੀ ਹਮਾਇਤ 'ਚ ਵਰਕਰਾਂ ਸਮੇਤ ਸ਼ਮੂਲੀਅਤ ਕੀਤੀ ਜਾਵੇਗੀ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਅਤੇ ਜ਼ੀਰਾ ਫੈਕਟਰੀ ਖਿਲਾਫ ਲੱਗੇ ਮੋਰਚੇ ਅਤੇ ਟਰੱਕ ਅਪਰੇਟਰਾਂ ਦੀਆਂ ਜਾਇਜ਼ ਮੰਗਾਂ ਦਾ ਜੇਕਰ ਹੱਲ ਨਾ ਕੱਢਿਆ ਤਾਂ ਪੰਜਾਬ ਰੋਡਵੇਜ਼ ਪਨਬਸ ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਡੱਟਵੀ ਹਮਾਇਤ ਕੀਤੀ ਜਾਵੇਗੀ ਅਤੇ ਅਗਲੇ ਤਿੱਖੇ ਸੰਘਰਸ਼ਾਂ ਦੀ ਰੂਪ ਰੇਖਾ ਤਿਆਰ ਕੀਤੀ ਜਾਵੇਗੀ।

ਕਾਤਰਾਂ

ਮਹਿਣਾ ਖੇੜਾ ਕੋਲ ਵਾਪਰੇ ਭਿਆਨਕ ਹਾਦਸੇ 'ਚ 2 ਮਹੀਨੇ ਦੀ ਬੱਚੀ ਵੀ ਸ਼ਾਮਲ

ਸਿਰਸਾ (ਸੁਰਿੰਦਰ ਪਾਲ ਸਿੰਘ)-ਸਿਰਸਾ ਜ਼ਿਲ੍ਹੇ ਦੇ ਪਿੰਡ ਮਹਿਣਾ ਖੇੜਾ ਕੋਲ ਵਾਪਰੇ ਭਿਆਨਕ ਸੜਕ ਹਾਦਸੇ 'ਚ ਜਿਨ੍ਹਾਂ 5 ਲੋਕਾਂ ਦੀ ਮੌਤ ਹੋਈ, ਉਨ੍ਹਾਂ 'ਚ 2 ਮਹੀਨੇ ਦੀ ਬੱਚੀ ਵੀ ਸ਼ਾਮਲ ਹੈ।ਦੱਸਿਆ ਜਾ ਰਿਹਾ ਹੈ ਕਿ ਇੱਕ ਕਾਰ ਦੇ ਬੇਕਾਬੂ ਹੋ ਕੇ ਦਰੱਖਤ ਨਾਲ ਟਕਰਾਉਣ ਕਾਰਨ 5 ਲੋਕਾਂ ਦੀ ਮੌਤ ਹੋ ਗਈ ਅਤੇ 2 ਸਵਾਰ ਗੰਭੀਰ ਰੂਪ 'ਚ ਜ਼ਖਮੀ ਹਨ। ਮਿਲੀ ਜਾਣਕਾਰੀ ਮੁਤਾਬਕ ਮਹਿਣਾ ਖੇੜਾ ਵਾਸੀ ਇਹ ਲੋਕ ਪਿੰਡ ਖਾਰੀਆ ਸਥਿਤ ਮੰਦਰ ਦੇ ਦਰਸ਼ਨ ਕਰਕੇ ਵਾਪਸ ਪਰਤ ਰਹੇ ਸਨ ।ਇਹ ਹਾਦਸਾ ਐਨਾ ਭਿਆਨਕ ਸੀ ਕਿ ਲੋਕਾਂ ਨੇ ਕਾਰ ਨੂੰ ਕੱਟ ਕੇ ਫਸੇ ਲੋਕਾਂ ਨੂੰ ਬਾਹਰ ਕੱਢਿਆ ਅਤੇ ਕਾਰ ਦੇ ਦੋ ਹਿੱਸੇ ਹੋ ਗਏ। ਹਾਦਸੇ ਦੀ ਸੂਚਨਾ ਮਿਲਣ 'ਤੇ ਪੁਲਸ ਟੀਮ ਮੌਕੇ 'ਤੇ ਪਹੁੰਚੀ ਤੇ ਜ਼ਖਮੀਆਂ ਨੂੰ ਸਿਰਸਾ ਦੇ ਜਨਰਲ ਹਸਪਤਾਲ 'ਚ ਦਾਖਲ ਕਰਵਾਇਆ। ਮੌਤ ਦੀ ਖਬਰ ਸੁਣ ਕੇ ਪਿੰਡ ਮਹਿਣਾ ਖੇੜਾ 'ਚ ਉਦਾਸੀ ਛਾਈ ਹੋਈ ਹੈ।

ਅੱਖਾਂ ਦਾ ਮੁਫ਼ਤ ਕੈਂਪ 15 ਨੂੰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਊਰਜਾ ਵੈੱਲਫੇਅਰ ਸੁਸਾਇਟੀ ਫ਼ਿਰੋਜ਼ਪੁਰ ਵੱਲੋਂ ਲਾਈਨ ਆਈ ਕੇਅਰ ਸੈਂਟਰ ਜੈਤੋ ਦੇ ਸਹਿਯੋਗ ਨਾਲ ਅੱਖਾਂ ਦਾ ਮੁਫ਼ਤ ਚੈੱਕਅਪ ਤੇ ਆਪ੍ਰੇਸ਼ਨ ਕੈਂਪ 15 ਜਨਵਰੀ ਨੂੰ ਸ੍ਰੀ ਰਾਮ ਬਾਗ ਬਿਰਧ ਆਸ਼ਰਮ ਫ਼ਿਰੋਜ਼ਪੁਰ ਛਾਉਣੀ ਵਿਖੇ ਲਗਾਇਆ ਜਾ ਰਿਹਾ ਹੈ।ਸੁਸਾਇਟੀ ਆਗੂਆਂ ਨੇ ਦੱਸਿਆ ਕਿ ਇਸ ਕੈਂਪ ਵਿੱਚ ਅੱਖਾਂ ਦੇ ਮਾਹਰ ਡਾਕਟਰਾਂ ਵੱਲੋਂ ਅੱਖਾਂ ਵਿੱਚ ਮੁਫ਼ਤ ਲੈਂਜ਼ ਪਾਏ ਜਾਣਗੇ।ਇਸ ਤੋਂ ਇਲਾਵਾ ਆਪ੍ਰੇਸ਼ਨ ਜ਼ਰੂਰਤਮੰਦ ਲੋਕਾਂ ਦੇ ਹੀ ਕੀਤੇ ਜਾਣਗੇ ਅਤੇ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਿਸਾਂ ਲਈ ਰਿਹਾਇਸ਼ ਤੇ ਖਾਣੇ ਦਾ ਮੁਫ਼ਤ ਪ੍ਰਬੰਧ ਕੀਤਾ ਜਾਵੇਗਾ।

ਨਗਰ ਕੌਂਸਲ ਦੇ ਸੇਵਾਮੁਕਤ ਮੁਲਾਜ਼ਮਾਂ ਦੀ ਮੀਟਿੰਗ

ਜਲਾਲਾਬਾਦ (ਦਵਿੰਦਰ)-ਨਗਰ ਕੌਂਸਲ ਦੇ ਸੇਵਾਮੁਕਤ ਕਰਮਚਾਰੀਆਂ ਦੀ ਮੀਟਿੰਗ ਚੇਅਰਮੈਨ ਦੀਨਾ ਨਾਥ ਦੀ ਪ੍ਰਧਾਨਗੀ ਹੇਠ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਹੋਈ, ਜਿਸ ਵਿੱਚ ਪੰਪ ਆਪ੍ਰੇਟਰ ਸੁਖਦੇਵ ਰਾਜ, ਇੰਸਪੈਕਟਰ ਰਜਿੰਦਰ ਕੁਮਾਰ, ਕਲਰਕ ਮਹਿੰਦਰ ਕੁਮਾਰ, ਜੇ ਈ ਜੰਗੀਰ ਚੰਦ, ਏ.ਐੱਮ.ਈ. ਅਸ਼ਵਨੀ ਕੁਮਾਰ, ਪੰਪ ਆਪ੍ਰੇਟਰ ਮੱਖਣ ਲਾਲ, ਬਾਗਬਾਨ ਹਰਗੋਬਿੰਦ ਸਿੰਘ, ਸੀਵਰਮੈਨ ਸੁਰੇਸ਼ ਕੁਮਾਰ, ਸੇਵਾਦਾਰ ਸਰਿਤਾ ਰਾਣੀ, ਸੈਨੇਟਰੀ ਇੰਸਪੈਕਟਰ ਓਮ ਪ੍ਰਕਾਸ਼, ਪੰਪ ਆਪ੍ਰੇਟਰ ਤ੍ਰਿਲੋਕ ਸਿੰਘ, ਸੂਰਤ, ਸੋਢੀ, ਸਵੀਪਰ ਨੱਥੂ ਰਾਮ, ਸੇਵਾਦਾਰ ਗੁਰਾਦਿੱਤਾ ਮੱਲ, ਸਕੱਤਰ ਬਲਵੰਤ ਸਿੰਘ, ਮੋਹਨ ਲਾਲ ਆਦਿ ਹਾਜ਼ਰ ਸਨ। ਮੀਟਿੰਗ ਵਿੱਚ ਸਰਬਸੰਮਤੀ ਨਾਲ ਪੰਪ ਆਪ੍ਰੇਟਰ ਸੁਖਦੇਵ ਰਾਜ ਤੇ ਕਲਰਕ ਮਹਿੰਦਰ ਕੁਮਾਰ ਦੀ ਤਜਵੀਜ਼ ਦਾ 6 ਫੀਸਦੀ ਡੀ ਏ 1-7-2015 ਤੋਂ 31-7-2015 ਤੱਕ ਦਾ ਪਾਸ ਕੀਤਾ ਗਿਆ, ਜਿਸ ਦਾ ਬਕਾਇਆ ਜਨਰਲਾਇਜ਼ ਦਿੱਤਾ ਜਾਵੇ ਤੇ ਬਣਦਾ ਬਕਾਇਆ ਕਰਮਚਾਰੀਆਂ ਨੂੰ ਜਲਦੀ ਦਿੱਤਾ ਜਾਏ।

150 ਲੀਟਰ ਲਾਹਣ ਬਰਾਮਦ

ਜਲਾਲਾਬਾਦ (ਦਵਿੰਦਰ)-ਥਾਣਾ ਵੈਰੋਕੇ ਦੀ ਪੁਲਸ ਨੇ 150 ਲੀਟਰ ਲਾਹਣ ਬਰਾਮਦ ਕੀਤੀ ਹੈ। ਜਾਂਚ ਅਧਿਕਾਰੀ ਮੱਖਣ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਸੀ ਕਿ ਜਸਵੰਤ ਸਿੰਘ ਉਰਫ ਕਾਲਾ ਪੁੱਤਰ ਦਰਸ਼ਨ ਸਿੰਘ ਵਾਸੀ ਚੱਕ ਬਲੋਚਾ ਉਰਫ ਮਹਾਲਮ ਨਾਜਾਇਜ਼ ਸ਼ਰਾਬ ਕੱਢਣ ਦਾ ਆਦੀ ਹੈ। ਜੇਕਰ ਹੁਣੇ ਰੇਡ ਕੀਤੀ ਜਾਵੇ ਤਾਂ ਨਾਜਾਇਜ਼ ਸ਼ਰਾਬ ਜਾਂ ਲਾਹਣ ਸਮੇਤ ਕਾਬੂ ਕੀਤਾ ਜਾ ਸਕਦਾ ਹੈ। ਪੁਲਸ ਨੇ ਉਸ ਦੇ ਘਰ ਛਾਪਾ ਮਾਰ ਕੇ 150 ਲੀਟਰ ਲਾਹਣ ਬਰਾਮਦ ਕੀਤੀ, ਪਰ ਜਸਵੰਤ ਸਿੰਘ ਉਰਫ ਕਾਲਾ ਪੁੱਤਰ ਦਰਸ਼ਨ ਸਿੰਘ ਵਾਸੀ ਚੱਕ ਬਲੋਚਾਂ ਉਰਫ ਮਹਾਲਮ ਫਰਾਰ ਹੋ ਗਿਆ। ਪੁਲਸ ਨੇ ਮੁਲਜ਼ਮ ਖਿਲਾਫ਼ ਪਰਚਾ ਦਰਜ ਕਰ ਲਿਆ ਹੈ

ਬਲਕੀਤ ਸਿੰਘ ਦੀ ਪੁਸਤਕ 'ਦੇਖੇ ਰੰਗ ਤਮਾਸ਼ੇ' ਲੋਕ ਅਰਪਣ

ਬਲਕੀਤ ਸਿੰਘ (ਕੈਨੇਡਾ) ਦੀ ਪੁਸਤਕ 'ਦੇਖੇ ਰੰਗ ਤਮਾਸ਼ੇ' ਨੂੰ ਲੋਕ ਅਰਪਣ ਕਰਨ ਸਮੇਂ ਹਾਜ਼ਰੀਨ।

ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)

ਪੰਜਾਬੀ ਲਿਖਾਰੀ ਸਭਾ ਰਾਮਪੁਰ ਸਭਾ ਵੱਲੋਂ ਜਨਵਰੀ ਮਹੀਨੇ ਦੀ ਇਕੱਤ੍ਰਤਾ ਦੇ ਪਹਿਲੇ ਭਾਗ ਵਿੱਚ ਕੈਨੇਡਾ ਵਾਸੀ ਲੇਖਕ ਬਲਕੀਤ ਸਿੰਘ (ਬਰਵਾਲਾ) ਦੀ ਪੁਸਤਕ 'ਦੇਖੇ ਰੰਗ ਤਮਾਸ਼ੇ' (ਜੀਵਨੀ ਮੂਲਕ ਯਾਦਾਂ) ਰਾਮਪੁਰ ਸਭਾ ਵੱਲੋਂ ਲੋਕ ਅਰਪਣ ਕੀਤੀ ਗਈ, ਜਿਸ ਦੇ ਪ੍ਰਧਾਨਗੀ ਮੰਡਲ ਵਿੱਚ ਸਰਦਾਰ ਪੰਛੀ, ਤੇਲੂ ਰਾਮ ਕੁਹਾੜਾ, ਸੁਰਿੰਦਰ ਰਾਮਪੁਰੀ, ਜਸਵੀਰ ਝੱਜ ਤੇ ਗੁਰਪਿੰਦਰ ਸਿੰਘ ਬਰਵਾਲਾ ਸ਼ਾਮਲ ਹੋਏ। ਹਾਜ਼ਰੀਨ ਦਾ ਸੁਆਗਤ ਕਰਦਿਆਂ

page-6-4-(JAN)-2023-G-(BV).qxd 1/3/2023 10:42 PM Page 1

ਦਿਨ-ਦਿਹਾੜੇ 20 ਤੋਲੇ ਸੋਨਾ ਚੋਰੀ ਕਰ ਕੇ ਚੋਰ ਫਰਾਰ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਦੀਨਾਨਗਰ ਸ਼ਹਿਰ ਦੀ ਅਜੀਤ ਨਗਰ ਕਾਲੋਨੀ ਵਿੱਚ ਦੁਪਹਿਰੇ ਚੋਰਾਂ ਵਲੋਂ ਇੱਕ ਘਰ ਨੂੰ ਨਿਸ਼ਾਨਾ ਬਣਾ ਕੇ ਅਲਮਾਰੀ ਦੇ ਤਾਲੇ ਤੋੜ ਕੇ ਕਰੀਬ 20 ਤੋਲੇ ਸੋਨਾ ਚੋਰੀ ਕਰ ਲਿਆ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਦੀਨਾਨਗਰ ਦੇ ਇੰਚਾਰਜ ਮੇਜਰ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ।

ਪੀੜਤ ਨੇ ਦੱਸਿਆ ਕਿ ਉਸ ਦੇ ਬੱਚੇ ਵਿਦੇਸ਼ ਵਿਚ ਰਹਿੰਦੇ ਹਨ ਜਦੋਂਕਿ ਘਰ ਵਿੱਚ ਸਿਰਫ ਪਤੀ-ਪਤਨੀ ਹੀ ਰਹਿੰਦੇ ਹਨ। ਉਸ ਨੇ ਦੱਸਿਆ ਕਿ ਅੱਜ ਦੁਪਹਿਰ 12.15 ਵਜੇ ਦੇ ਕਰੀਬ ਉਹ ਸਰਕਾਰੀ ਹਸਪਤਾਲ ਸਿੰਘੋਵਾਲ ਵਿਖੇ ਦਵਾਈ ਲੈਣ ਗਿਆ ਸੀ। ਜਦੋਂ ਉਹ ਥੋੜ੍ਹੀ ਦੇਰ ਬਾਅਦ ਘਰ ਪਰਤਿਆ ਤਾਂ ਘਰ ਦੇ ਬਾਹਰੋਂ ਗੇਟ ਨੂੰ ਤਾਲਾ ਲੱਗਿਆ ਹੋਇਆ ਸੀ ਪਰ ਘਰ ਦੇ ਅੰਦਰੋਂ ਤਾਲੇ ਟੁੱਟੇ ਹੋਏ ਸਨ। ਅੰਦਰ ਜਾ ਕੇ ਦੇਖਿਆ ਤਾਂ ਘਰ ਵਿੱਚ ਪਈਆਂ ਅਲਮਾਰੀਆਂ ਟੁੱਟੀਆਂ ਹੋਈਆਂ ਸੀ ਅਤੇ ਸਮਾਨ ਇਧਰ-ਉਧਰ ਖਿੱਲਰਿਆ ਪਿਆ ਸੀ।

ਜਾਂਚ ਕਰਨ 'ਤੇ ਪਤਾ ਲੱਗਿਆ ਕਿ ਚੋਰਾਂ ਨੇ ਘਰ ਵਿਚ ਪਾਏ ਕਰੀਬ 20 ਤੋਲੇ ਸੋਨਾ ਚੋਰੀ ਕਰ ਲਿਆ ਹੈ। ਉਨ੍ਹਾਂ ਨੇ ਦੱਸਿਆ ਕਿ ਚੋਰਾਂ ਨੇ ਘਰ ਦੀ ਕੰਧ ਟੱਪ ਕੇ ਅੰਦਰ ਦਾਖਲ ਹੋ ਕੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਥਾਣਾ ਇੰਚਾਰਜ ਮੇਜਰ ਸਿੰਘ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਲਦੀ ਹੀ ਚੋਰਾਂ ਨੂੰ ਕਾਬੂ ਕਰ ਲਿਆ ਜਾਵੇਗਾ।

ਚਾਈਨਾ ਡੋਰ ਨੂੰ ਵੇਚਣ, ਸਟੋਰ ਕਰਨ ਤੇ ਵਰਤੋਂ ਕਰਨ 'ਤੇ ਮੁਕੰਮਲ ਪਾਬੰਦੀ

ਜਲੰਧਰ ((ਸੁਰਿੰਦਰ ਕੁਮਾਰ)- ਜਾਬਤਾ ਫੌਜਦਾਰੀ ਸੰਘਤਾ ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂਕਮਿਸ਼ਨਰੇਟ ਜਲੰਧਰ ਅਧੀਨ ਪੈਂਦੇ ਥਾਣਿਆਂ ਦੇ ਅਧੀਨ ਇਲਾਕਿਆਂ ਵਿੱਚ ਪਤੰਗ ਉਡਾਉਣ ਲਈ ਵਰਤੀ ਜਾਣ ਵਾਲੀ ਚਾਈਨਾ ਡੋਰ (ਨਾਈਲੋਨ, ਪਲਾਸਟਿਕ ਜਾਂ ਸਿੰਥੈਟਿਕ ਮਟੀਰੀਅਲ ਨਾਲ ਬਣੀ ਡੋਰ/ਧਾਗਾ ਜਾਂ ਕੋਈ ਵੀ ਅਜਿਹੀ ਡੋਰ/ਧਾਗਾ ਜਿਸ ਉਪਰ ਸਿੰਥੈਟਿਕ ਦੀ ਧਾਤੂ ਦੀ ਪਰਤ ਚੜ੍ਹੀ ਹੋਵੇ ਅਤੇ ਪੰਜਾਬ ਸਰਕਾਰ ਦੇ ਮਾਪਦੰਡਾਂ ਦੇ ਅਨੁਕੂਲ ਨਾ ਹੋਵੇ) ਦਾ ਨਿਰਮਾਣ ਕਰਨ, ਵੇਚਣ, ਸਟੋਰ ਕਰਨ, ਖ਼ਰੀਦ ਕਰਨ, ਸਪਲਾਈ ਕਰਨ, ਆਯਾਤ ਕਰਨ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਹੈ। ਡਿਪਟੀ ਕਮਿਸ਼ਨਰ ਆਫ਼ ਪੁਲਸ ਲਾਅ ਐਂਡ ਆਰਡਰ ਅੰਕੁਰ ਗੁਪਤਾ ਨੇ ਇਹ ਹੁਕਮ 02.06.2023 ਤੱਕ ਲਾਗੂ ਰਹਿਣਗੇ।

ਸ਼ਬਾਲ ਵਿਖੇ ਪੋਲੀਓ ਰੋਕੂ ਵੈਕਸੀਨ ਦਾ ਵਿਸ਼ੇਸ਼ ਕੈਂਪ ਲੱਗਾ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਸਿਵਲ ਸਰਜਨ ਤਰਨ ਤਾਰਨ ਡਾ. ਦਿਲਬਾਗ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਵਰਿੰਦਰਪਾਲ ਕੌਰ ਦੀ ਰਹਿਨੁਮਾਈ ਹੇਠ ਸੀਐੱਚਸੀ ਝਬਾਲ ਵਿਖੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਅੰਮ੍ਰਿਤਪਾਲ ਸਿੰਘ ਨਿੱਬਰ ਦੀ ਅਗਵਾਈ ਹੇਠ ਸਰਕਾਰੀ ਹਸਪਤਾਲ ਵਿਖੇ ਪੋਲੀਓ ਦੀ ਰੋਕਥਾਮ ਲਈ ਐੱਫ. ਆਈ. ਆਈ. ਪੀ. ਵੀ. ਦਾ ਸਪੈਸ਼ਲ ਕੈਂਪ ਲਗਾ ਕੇ ਵੈਕਸੀਨ ਲਗਾਈ ਗਈ। ਇਸ ਬਾਰੇ ਜਾਣਕਾਰੀ ਦਿੰਦਿਆਂ ਡਾਕਟਰ ਨਿੱਬਰ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਪੰਜਾਬ ਵਿੱਚ ਜਨਵਰੀ ਮਹੀਨੇ ਤੋਂ ਇਕ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ ਜਿਸ ਤਹਿਤ ਬੱਚੇ ਨੂੰ ਨੌਵੇਂ ਮਹੀਨੇ ਤੇ ਇੱਕ ਟੀਕਾ ਲਗਾਇਆ ਜਾਵੇਗਾ ਜੋ ਬੱਚੇ ਨੂੰ ਪੋਲੀਓ ਵਰਗੀ ਨਾਮੁਰਾਦ ਬਿਮਾਰੀ ਤੋਂ ਬਚਾਅ ਕਰੇਗਾ। ਉਨ੍ਹਾਂ ਦੱਸਿਆ ਕਿ ਤੀਜੀ ਡੋਜ਼ ਬੱਚੇ ਦੀ ਸੱਜੀ ਬਾਂਹ 'ਤੇ ਚਮੜੀ ਦੀ ਉੱਪਰਲੀ ਪਰਤ ਉੱਪਰ ਲਗਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਝੁੱਗੀਆਂ ਝੌਂਪੜੀਆਂ, ਭੱਠਿਆਂ, ਡੇਰਿਆਂ ਅਤੇ ਹਾਈ ਰਿਸਕ ਏਰੀਏ ਨੂੰ ਕਵਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਜਿਹੇ ਵਿਸ਼ੇਸ਼ ਕੈਂਪ ਬਲਾਕ ਦੇ ਹਰ ਸਬ ਸੈਂਟਰ ਪੱਧਰ 'ਤੇ ਲਗਾਏ ਜਾਣਗੇ। ਇਸ ਮੌਕੇ ਰਾਮ ਰਛਪਾਲ ਧਵਨ, ਬਲਾਕ ਐਜੂਕੇਟਰ ਹਰਦੀਪ ਸਿੰਘ, ਐੱਲਐੱਚਵੀ ਮੀਤਾ, ਵਰਿੰਦਰ ਕੌਰ ਏਐੱਨਐੱਮ, ਰਬਿੰਦਰ ਸਿੰਘ ਭੇਜੀਆਂ ਤੋਂ ਇਲਾਵਾ ਹੋਰ ਵੀ ਸਿਹਤ ਕਰਮਚਾਰੀ ਹਾਜ਼ਰ ਸਨ।

ਉੱਤਰ ਰੇਲਵੇ

ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ: 770-W/169/WA/FZR/2022-2023 Date : 02.01.2023

ਸੀਨੀਅਰ ਮੰਡਲ ਇੰਜੀਨੀਅਰ-ਹੈਡਕੁ. ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 23.01.2023 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਇਨਾਂ ਟੈਂਡਰਾਂ ਦੇ ਲਈ ਮੈਨੂਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਜਗ੍ਹਾ "ਨਿਵਿਦਾ ਸੁਰੱਖਿਆ ਘੋਸ਼ਣਾ ਪੱਤਰ" ਤੈਅ ਫਾਰਮੈਟ ਵਿਚ ਨਿਵਿਦਾ ਦੇ ਨਾਲ ਈ-ਪੋਰਟਲ 'ਤੇ ਨਥੀ ਕਰੇਗਾ।

ਨਿਵਿਦਾ ਪ੍ਰਕਾਰ	ਨਿਵਿਦਾ ਅਨੁਭਾਗ	ਬੋਲੀ ਪ੍ਰਣਾਲੀ
ਖੁਲ੍ਹਾ	ਕੰਮ	ਏਕਲ ਬੋਲੀ ਪ੍ਰਣਾਲੀ
ਨਿਵਿਦਾ ਅਪਲੋਡ ਕਰਨ ਦੀ ਮਿਤੀ	ਬੋਲੀ ਸ਼ੁਰੂ ਕਰਨ ਦੀ ਮਿਤੀ	ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ
30.12.2022	09.01.2023	23.01.2023/15:00 ਵਜੇ

ਲ.ਨੰ.	ਨਿਵਿਦਾ ਨੰਬਰ, ਤਾਰੀਖ	ਨਿਵਿਦਾ ਦਾ ਵੇਰਵਾ			
1	362-2022-23-ADEN-2-PTK	ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਪਠਾਨਕੋਟ ਅਤੇ ਅੰਮ੍ਰਿਤਸਰ ਦੇ ਤਹਿਤ ਸੈਕਸ਼ਨ ਵਿਚ ਵੇਰਵਾ ਜੰਕਸ਼ਨ, ਕਥੂਨੰਗਲ, ਜਯਨਤਾਪੁਰਾ, ਬਟਾਲਾ ਅਤੇ ਛੀਨਾ ਸਟੇਸ਼ਨਾਂ ਤੇ ਈਆਈ ਕੰਮ ਦੇ ਨਾਲ ਵਿਭਿੰਨ ਟ੍ਰੈਕ ਦਾ ਕੰਮ।			
	ਵਿਗਿਆਪਨ ਮੁੱਲ (ਰੁ.)	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ	
	2,05,54,868.93/-	2,52,800/-	60 ਦਿਨ	12 ਮਹੀਨੇ	
	ਸਮਾਨ ਨੇਚਰ ਦਾ ਕੰਮ- ਪੂਰਾ ਟ੍ਰੈਕ ਨਵੀਨੀਕਰਨ/ਪੂਰਾ ਰੇਲਵੇ ਨਵੀਨੀਕਰਨ/ਪੂਰਾ ਫਿਟਿੰਗ ਨਵੀਨੀਕਰਨ/ਪੂਰਾ ਟਰਨ ਆਊਟ ਨਵੀਨੀਕਰਨ, ਟ੍ਰੈਕ ਮੈਂਟਨੈਂਸ ਮਸ਼ੀਨ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਮਸ਼ੀਨ ਤੋਂ ਟਰਨ ਆਊਟ ਨਵੀਨੀਕਰਨ ਦਾ ਕੰਮ।				
2	363-2022-23-ADEN-1-FZR	ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ, ਗੰਗਸਰ ਜੀਤੂ, ਗੋਲਹਵਾਲਾ ਅਤੇ ਲਖੇਵਾਲੀ ਵਿਚ ਨਵੇਂ ਆਰਜੀਐਮ/ਟ੍ਰੈਕ ਮਸ਼ੀਨ ਸਾਈਡਿੰਗ ਦਾ ਪ੍ਰਾਵਧਾਨ ਦੇ ਸਬੰਧ ਵਿਚ ਅਤੇ ਗੋਨਿਯਾਨਾ ਅਤੇ ਜਗਰਾਉਂ ਸਟੇਸ਼ਨਾਂ ਤੇ ਮੌਜੂਦਾ ਸਾਈਡਿੰਗ ਦਾ ਵਿਵਿਧ ਕੰਮ ਲਈ।			
	ਵਿਗਿਆਪਨ ਮੁੱਲ (ਰੁ.)	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ	
	1,88,22,363.38/-	2,44,100/-	60 ਦਿਨ	12 ਮਹੀਨੇ	
	ਸਮਾਨ ਨੇਚਰ ਦਾ ਕੰਮ- ਪੂਰਾ ਟ੍ਰੈਕ ਨਵੀਨੀਕਰਨ/ਪੂਰਾ ਰੇਲਵੇ ਨਵੀਨੀਕਰਨ/ਪੂਰਾ ਫਿਟਿੰਗ ਨਵੀਨੀਕਰਨ/ਪੂਰਾ ਟਰਨ ਆਊਟ ਨਵੀਨੀਕਰਨ, ਟ੍ਰੈਕ ਮੈਂਟਨੈਂਸ ਮਸ਼ੀਨ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਮਸ਼ੀਨ ਤੋਂ ਟਰਨ ਆਊਟ ਨਵੀਨੀਕਰਨ ਦਾ ਕੰਮ।			
3	372-2022-23-ADEN-2-PTK	ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਪਠਾਨਕੋਟ ਦੇ ਅਧਿਕਾਰ ਖੇਤਰ ਵਿਚ, ਫਿਰੋਜਪੁਰ ਮੰਡਲ ਦੇ 80 ਨੰ. ਮਾਨਵ ਰਹਿਤ ਲੇਵਲ ਕ੍ਰਾਸਿੰਗ ਦੇ ਬਦਲੇ, 62 ਨੰ. ਲੇਵਲ ਕ੍ਰਾਸਿੰਗ ਦੇ ਕੰਮ ਵਿਚ ਅੰਮ੍ਰਿਤਸਰ-ਪਠਾਨਕੋਟ ਸੈਕਸ਼ਨ ਵਿਚ ਪੰਜ ਨੰ. ਲੇਵਲ ਕ੍ਰਾਸਿੰਗ ਸੀ-9, ਸੀ-29ਏ, ਸੀ-40, ਸੀ-50 ਅਤੇ ਸੀ-62 ਦੀ ਮੈਨਿੰਗ ਦਾ ਕੰਮ ਲਈ।			
	ਵਿਗਿਆਪਨ ਮੁੱਲ (ਰੁ.)	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ	
	1,62,63,203.05/-	2,31,300/-	60 ਦਿਨ	12 ਮਹੀਨੇ	
	ਸਮਾਨ ਨੇਚਰ ਦਾ ਕੰਮ - "ਟ੍ਰੈਕ ਕੰਮਾਂ ਦੇ ਇਲਾਵਾ ਕੋਈ ਵੀ ਸਿਵਿਲ ਇੰਜੀਨੀਅਰਿੰਗ ਕੰਮ"।				
4	373-2022-23-ADEN-1-FZR	ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਅਧਿਕਾਰ ਖੇਤਰ ਵਿਚ, ਫਿਰੋਜਪੁਰ ਮੰਡਲ ਦੇ 80 ਨੰ. ਮਾਨਵ ਰਹਿਤ ਲੇਵਲ ਕ੍ਰਾਸਿੰਗ ਦੇ ਬਦਲੇ, 62 ਨੰ. ਲੇਵਲ ਕ੍ਰਾਸਿੰਗ ਦੇ ਕੰਮ ਵਿਚ ਕੋਟ ਕਪੂਰਾ-ਫਾਜਿਲਕਾ ਸੈਕਸ਼ਨ ਵਿਚ ਪੰਜ ਨੰ. ਲੇਵਲ ਕ੍ਰਾਸਿੰਗ ਸੀ-47 ਸੀ-48, ਸੀ-49 ਸੀ-50 ਅਤੇ ਸੀ-62 ਦੀ ਮੈਨਿੰਗ ਦਾ ਕੰਮ ਲਈ।			
	ਵਿਗਿਆਪਨ ਮੁੱਲ (ਰੁ.)	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ	
	1,62,63,203.05/-	2,31,300/-	60 ਦਿਨ	12 ਮਹੀਨੇ	
	ਸਮਾਨ ਨੇਚਰ ਦਾ ਕੰਮ - "ਟ੍ਰੈਕ ਕੰਮਾਂ ਦੇ ਇਲਾਵਾ ਕੋਈ ਵੀ ਸਿਵਿਲ ਇੰਜੀਨੀਅਰਿੰਗ ਕੰਮ"।				
5	374-2022-23-ADEN-1-FZR	ਸੀਨੀਅਰ ਮੰਡਲ ਇੰਜੀਨੀਅਰ-ਹੈਡਕੁ/ਫਿਰੋਜਪੁਰ ਦੇ ਅਧਿਕਾਰ ਖੇਤਰ ਵਿਚ ਬਡੋਵਾਲ, ਮੁਕਤਸਰ, ਕੋਟਕਪੂਰਾ ਅਤੇ ਫਰੀਦਕੋਟ ਵਿਚ ਵਪਾਰੀ ਅਤੇ ਹੋਰ ਵਿਵਿਧ ਸੁਧਾਰ ਕੰਮਾਂ ਦੇ ਲਈ ਸ਼ੌਚਾਲਯ, ਬੈਂਚ, ਸ਼ੇਡ ਆਦਿ ਜਿਹੀਆਂ ਬੁਨਿਆਦੀ ਸਹੂਲਤਾਂ ਦਾ ਪ੍ਰਾਵਧਾਨ।			
	ਵਿਗਿਆਪਨ ਮੁੱਲ (ਰੁ.)	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ	
	1,88,36,815.13/-	2,44,200/-	60 ਦਿਨ	12 ਮਹੀਨੇ	
	ਸਮਾਨ ਨੇਚਰ ਦਾ ਕੰਮ - ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ।				
6	375-2022-23-ADEN-1-FZR	ਸਹਾਇਕ ਮੰਡਲ ਇੰਜੀਨੀਅਰ, ਫਸਟ/ਫਿਰੋਜਪੁਰ ਤਹਿਤ ਕੋਟਕਪੂਰਾ-ਫਾਜਿਲਕਾ ਸੈਕਸ਼ਨ ਤੇ ਗੈਂਗ ਹਟ ਨੰਬਰ 4 ਅਤੇ 6 ਦੇ ਲਈ ਕੰਡਲ ਕਵਾਟਰਾਂ ਦੇ ਬਦਲੇ 12 ਯੂਨਿਟ ਟਾਈਪ-II ਕਵਾਟਰ ਦਾ ਨਿਰਮਾਣ।			
	ਵਿਗਿਆਪਨ ਮੁੱਲ (ਰੁ.)	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ	
	1,91,88,677.91/-	2,46,000/-	60 ਦਿਨ	12 ਮਹੀਨੇ	
	ਸਮਾਨ ਨੇਚਰ ਦਾ ਕੰਮ - "ਭਵਨਾਂ/ਕਵਾਟਰਾਂ ਦਾ ਨਿਰਮਾਣ"।				

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। 13/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

Court Notice

In the Court of Ms. Sudipa Kaur Judicial Magistrate-Ist Class Kharar.

CNR No. PBSAA10010662019
Next Date : 27.1.2023
COMA/28/3019

Anajana Sharma
Versus
Indu Bala/Others

Complaint u/s 138 of Negotiable Insturments act as amended upto date and read with Section 420 of Indian Penal Code.

Notice to : 1. Vinod Bala W/o Lalit Sharma R/o House No. 305, Bahilana, Chandigarh 2. Lalit Sharma R/o House No. 305, Bahilana, Chandigarh

In the above titled case/suit the defendant(s)/respondent(s) could not be served. It is Ordered that defendant(s)/ respondent(s) should appear in person or through counsel on 27-01-2023 at 10.00 a.m.

For details logon to https://highcourtchd.gov.in/?trs=district_notice&district=mohali

Given under my hand and the seal of the Court, this 25.12.2022

Judicial Magistrate-Ist Class
Kharar.

Court Notice

In the Court of Ms. Manisha Jain, Principal Judge Family Court, SBS Nagar.

CNR No. PBSB01-000952-2022
Next Date : 16-01-2023
Kamaldeep Singh
Versus
Arita Heer

Publication Issued to : Arita Heer Spouse : Kamaldeep Singh D/o Major Singh R/o Village Makhu Majara, P.O. Barian Kalan, Tehsil Garhshankar, Distt. Hoshiarpur at Present R/o 12 Wilson Road Acacia Garden Blacktown City New South Wales Australia.

In above titled case, the defendant(s)/respondent(s) could not be served. It is Ordered that defendant(s)/ respondent(s) should appear in person or through counsel on 16-01-2023 at 10.00 a.m.

For details logon to https://highcourtchd.gov.in/?trs=district_notice&district=sbsnagar.

Principal Judge Family Court,
SBS Nagar.
Dated, this day of 27-12-2022

Public Notice

This is to notify all the conerned that, on behalf of my client, Aditya Birla Housing Finance Limited, Patiala, Punjab, I hereby give notice to the general public that one customer, Sh. Jatinder Singh S/o S. Harmesh Singh and Karamjit Kaur W/o Jatinder Singh has applied for a Loan vide appliction no. DLPATOHE-12220200640 over the property i.e. house at Vill. Patran Tehsil Patran Distt. Patiala, Punjab, India, area measuring 0K-9-3/4 Marla i.e. 291.66 Sq. yds comprised in Khewat/Khatoni No. 595/598/1506 to 1509 Khasra No. 2//20 (4-7) 2//21 (8-0)2//22/3 Min (6-11) 2//19 (4-11) 2//22/1 (0-10) 2//22/3 (0-8) Kitte 7 total area measuring 24K-17 Marla out of which area measuring 0K-9-3/4 Marla i.e. 291.66 Sq yds in the name of Karamjit Kaur W/o Jatinder Singh vide Transfer Deed No. 714 dated 25.05.2022 as per revenue records. The Borrowers stated that previous Original Transfer Deed No. 834 dated 28.7.2020 have been lost and regarding this DDR has been got lodged vide No. 302575/2022 dated 30.12.2022 in police station Patran. Aditya Birla housing Finance Limited, Patiala required this previous Original Transfer Deed No. 834 dated 28.7.2020 to create equitable mortgage. So through this public notice, it is noticed that if any concern, bank or person having any claim, objection related to the said equitable mortgage of the above said property with Aditya Birla housing Finance Limited, Patiala he/she may kindly contact with above said Bank/Company or with me within 30 days from the date of this publication in below mentioned address, failing which no claim will be entertain later and Aditya Birla housing Finance Limited, Patiala will disbures the loan to proposed customer. Detial on the property is above mentioned.

Jatinder K. Verma
Adovcate
Distt. Courts, Patiala

ਜਨਤਕ ਨੋਟਿਸ

ਸਾਰੇ ਸੰਬੰਧਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੇਰੇ ਗਾਹਕ, ਆਦਿਤਿਆ ਬਿਰਲਾ ਹਾਊਸਿੰਗ ਫਾਈਨਾਂਸ ਲਿ:, ਪਟਿਆਲਾ, ਪੰਜਾਬ ਦੀ ਤਰਫੋਂ ਮੈਂ ਆਮ ਜਨਤਾ ਨੂੰ ਨੋਟਿਸ ਦਿੰਦਾ ਹਾਂ ਕਿ ਇੱਕ ਗਾਹਕ ਸ੍ਰੀ ਜਤਿੰਦਰ ਸਿੰਘ ਪੁੱਤਰ ਸ: ਹਰਮੇਸ਼ ਸਿੰਘ ਅਤੇ ਕਰਮਜੀਤ ਕੌਰ ਪਤਨੀ ਜਤਿੰਦਰ ਸਿੰਘ ਨੇ ਲੋਨ ਸੰਬੰਧੀ ਬਿਨੈ ਪੱਤਰ ਨੰ: ਡੀ ਐੱਲ ਪੀ ਏ ਟੀ ਓ ਐੱਚ ਈ-12220200640 ਜਾਇਦਾਦ ਉੱਤੇ ਅਰਥਾਤ ਮਕਾਨ ਪਿੰਡ ਪਾਤੜਾਂ ਤਹਿ: ਪਾਤੜਾਂ ਜ਼ਿਲ੍ਹਾ ਪਟਿਆਲਾ, ਪੰਜਾਬ, ਭਾਰਤ ਖੇਤਰ 0ਕੇ-9-3/4 ਮਰਲਾ ਅਰਥਾਤ 291.66 ਵਰਗ ਗਜ਼, ਜਿਸ ਵਿੱਚ ਖੇਵਟ/ਖਤੌਨੀ ਨੰ: 595/5068 ਨੰ: 595/5068 ਨੰ: 2//20 (4-7) 2//21 (8-0) 2//22/3 ਮਿੰਨ (6-11) 2//19 (4-11) 2//22/1 (0-10) 2//22/2 (0-10) 2//22/3 (0-8) ਕਿਤੇ 7 ਕੁੱਲ ਰਕਬਾ 24 ਕੇ-17 ਮਰਲਾ ਮਾਪਿਆ ਗਿਆ ਜਿਸ ਵਿੱਚੋਂ 0ਕੇ-9-3/4 ਮਰਲਾ ਰਕਬਾ ਕਰਮਜੀਤ ਕੌਰ ਪਤਨੀ ਜਤਿੰਦਰ ਸਿੰਘ ਦੇ ਨਾਂਅ 'ਤੇ 291.66 ਵਰਗ ਗਜ਼ ਦੁਆਰਾ ਮਾਲ ਰਿਕਾਰਡ ਅਨੁਸਾਰ 25.5.2022 ਦੀ ਤਬਾਦਲੀ ਡੀਡ ਨੰ: 7141 ਹੈ। ਕਰਜ਼ਦਾਰਾਂ ਨੇ ਦੱਸਿਆ ਕਿ ਪਿਛਲੀ ਮੂਲ ਤਬਾਦਲਾ ਡੀਡ ਨੰ:834 ਮਿਤੀ 28.7.2020 ਗੁੰਮ ਹੋ ਗਈ ਹੈ ਅਤੇ ਇਸ ਸੰਬੰਧੀ ਡੀ ਡੀ ਆਰ ਨੰ: 302575/2022 ਮਿਤੀ 30.12.2022 ਨੂੰ ਥਾਣਾ ਪਾਤੜਾਂ ਵਿਖੇ ਦਰਜ ਕਰਵਾਇਆ ਗਿਆ ਹੈ। ਆਦਿਤਿਆ ਬਿਰਲਾ ਹਾਊਸਿੰਗ ਫਾਈਨਾਂਸ ਲਿਮ: ਪਟਿਆਲਾ ਨੂੰ ਬਰਾਬਰ ਮੋਰਗੇਜ ਬਣਾਉਣ ਲਈ 28.7.2020 ਦੀ ਇਸ ਪਿਛਲੀ ਮੂਲ ਟਰਾਂਸਫਰ ਡੀਡ ਨੰ: 834 ਦੀ ਲੋੜ ਸੀ। ਇਸ ਲਈ ਇਸ ਜਨਤਕ ਨੋਟਿਸ ਰਾਹੀਂ ਇਹ ਨੋਟਿਸ ਦਿੱਤਾ ਜਾਂਦਾ ਹੈ ਕਿ ਜੇਕਰ ਕੋਈ ਵੀ ਬੈਂਕ ਜਾਂ ਵਿਅਕਤੀ

4-JAN-PAGE-7.qxd 1/3/2023 10:27 PM Page 1

ਨਰਮਾ ਚੁਗਾਈ ਦਾ ਮੁਆਵਜ਼ਾ ਨਾ ਮਿਲਣ 'ਤੇ ਪਿੰਡਾਂ 'ਚ ਰੋਸ ਰੈਲੀਆਂ

ਮਾਨਸਾ (ਗੀਤਵਾਲ)-ਬਿਆਨ ਜਾਰੀ ਕਰਦੇ ਹੋਏ ਜ਼ਿਲ੍ਹਾ ਆਗੂ ਹਰਮੇਸ਼ ਸਿੰਘ ਭੰਮੇ ਖੁਰਦ ਤੇ ਬਿੰਦਰ ਕੌਰ ਉਡਤ ਨੇ ਕਿਹਾ ਕਿ ਮਾਨ ਸਰਕਾਰ ਮਜ਼ਦੂਰ ਵਿਰੋਧੀ ਸਾਬਿਤ ਹੋ ਚੁੱਕੀ ਹੈ। ਮਜ਼ਦੂਰਾਂ ਦਾ ਪਿਛਲੇ ਸਾਲ ਵਾਲਾ ਨਰਮਾ ਚੁਗਾਈ ਦਾ ਮੁਆਵਜ਼ਾ ਅਜੇ ਤੱਕ ਨਹੀਂ ਦਿੱਤਾ ਗਿਆ। ਮਜ਼ਦੂਰ ਖਾਤਿਆਂ ਵਾਲੀਆਂ ਕਾਪੀਆਂ ਲੈ ਕੇ ਬੈਂਕਾਂ ਦੇ ਚੱਕਰ ਕੱਟ ਰਹੇ ਹਨ ਤੇ ਖੱਜਲ ਖੁਆਰ ਹੋ ਰਹੇ ਹਨ। ਉਨ੍ਹਾਂ ਨਾਲ ਹੀ ਮੰਗ ਕੀਤੀ ਕਿ ਮਨਰੇਗਾ ਦੀ ਦਿਹਾੜੀ 700 ਤੇ ਪੂਰਾ ਸਾਲ ਕੰਮ ਦਿੱਤਾ ਜਾਵੇ, 5-5 ਮਰਲੇ ਦੇ ਲੋੜਵੰਦ ਪਰਿਵਾਰਾਂ ਨੂੰ ਕਨੂੰਨ ਮੁਤਾਬਿਕ ਪਲਾਟ ਕੱਟ ਕੇ ਦਿੱਤੇ ਜਾਣ। ਲੋੜਵੰਦ ਪਰਿਵਾਰਾਂ ਨੂੰ ਘਰ ਬਣਾਉਣ ਲਈ ਤੁਰੰਤ ਗਰਾਂਟਾਂ ਜਾਰੀ ਕੀਤੀਆਂ ਜਾਣ, ਬਕਾਇਆ ਖੜੀਆਂ ਗ੍ਰਾਂਟਾਂ ਦਾ ਪੈਸਾ ਜਾਰੀ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਦਾ ਖਹਿੜਾ ਛੱਡ ਕੇ ਵੱਡੀ ਆਸ ਨਾਲ ਮਜ਼ਦੂਰ ਜਮਾਤ ਨੇ ਸਭ ਤੋਂ ਵੱਧ ਵੋਟਾਂ ਆਮ ਆਦਮੀ ਪਾਰਟੀ ਨੂੰ ਪਾਈਆਂ ਸੀ, ਪਰ ਮਾਨ ਸਰਕਾਰ ਦੀ ਮਜ਼ਦੂਰ ਜਮਾਤ ਲਈ ਜ਼ੁਬਾਨ ਤੱਕ ਨਹੀਂ ਖੁੱਲ੍ਹ ਰਹੀ। ਇਸ ਸਰਕਾਰ ਤੋਂ ਮਜ਼ਦੂਰਾਂ ਦਾ ਮੋਹ ਭੰਗ ਹੋ ਚੁੱਕਾ ਹੈ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਮਜ਼ਦੂਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ, ਤਾਂ ਅਗਲੀ ਵਾਰ ਇਨ੍ਹਾਂ ਦਾ ਵੀ ਰਵਾਇਤੀ ਪਾਰਟੀਆਂ ਵਾਲਾ ਹਾਲ ਕਰ ਦਿਆਂਗੇ। ਇਸ ਮੌਕੇ ਵੱਖ-ਵੱਖ ਪਿੰਡਾਂ ਦੇ ਆਗੂ ਤੇ ਵਰਕਰ ਹਾਜ਼ਰ ਸਨ।

ਮਾਨਸਾ ਜ਼ਿਲ੍ਹੇ 'ਚ 87 ਫੀਸਦੀ ਤੋਂ ਵਧੇਰੇ ਲੋਕਾਂ ਦਾ ਬਿਜਲੀ ਬਿੱਲ ਆਇਆ ਜ਼ੀਰੋ : ਡੀ ਸੀ

ਬੁਢਲਾਡਾ (ਅਸ਼ੋਕ ਲਾਕੜਾ)-ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਲੋੜਵੰਦ ਲੋਕਾਂ ਦੀ ਭਲਾਈ ਲਈ ਵੱਡੇ ਪੱਧਰ 'ਤੇ ਯੋਜਨਾਵਾਂ ਉਲੀਕੀਆਂ ਜਾਂਦੀਆਂ ਹਨ। ਇਸੇ ਲੜੀ ਤਹਿਤ ਪੰਜਾਬ ਸਰਕਾਰ ਦੇ ਉਪਰਾਲਿਆਂ ਸਦਕਾ ਪੰਜਾਬ ਅੰਦਰ ਪਹਿਲੀ ਵਾਰ 86 ਫੀਸਦੀ ਪਰਿਵਾਰਾਂ ਦਾ ਬਿਜਲੀ ਬਿਲ ਜ਼ੀਰੋ ਆਇਆ ਹੈ, ਜੋ ਸਰਕਾਰ ਦਾ ਸ਼ਲਾਘਾਯੋਗ ਕਦਮ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਮਾਨਸਾ ਸ਼੍ਰੀਮਤੀ ਬਲਦੀਪ ਕੌਰ ਨੇ ਦੱਸਿਆ ਕਿ ਮਾਨਸਾ ਜ਼ਿਲ੍ਹੇ ਅੰਦਰ ਵੀ 87 ਫੀਸਦੀ ਤੋਂ ਵਧੇਰੇ ਘਰਾਂ ਨੂੰ ਜ਼ੀਰੋ ਬਿਜਲੀ ਬਿਲ ਪ੍ਰਾਪਤ ਹੋਏ ਹਨ। ਉਨ੍ਹਾ ਦੱਸਿਆ ਕਿ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੇ ਅਧਿਕਾਰੀਆਂ ਵੱਲੋਂ ਪ੍ਰਾਪਤ ਮਾਨਸਾ ਜ਼ਿਲ੍ਹੇ ਦੀ ਰਿਪੋਰਟ ਅਨੁਸਾਰ 1 ਲੱਖ 49 ਹਜ਼ਾਰ 391 ਬਿਜਲੀ ਬਿਲ ਵੱਖ-ਵੱਖ ਘਰਾਂ ਨੂੰ ਜਾਰੀ ਕੀਤੇ ਗਏ, ਜਿਸ ਵਿੱਚ 1 ਲੱਖ 30 ਹਜ਼ਾਰ 912 ਘਰਾਂ ਦੇ ਬਿਜਲੀ ਦੇ ਬਿਲ ਜ਼ੀਰੋ ਆਏ ਹਨ, ਜੋ ਕਿ ਕੁੱਲ ਬਿਲਾਂ ਦਾ 87.63 ਫੀਸਦੀ ਬਣਦਾ ਹੈ। ਵਧੇਰੇ ਜਾਣਕਾਰੀ ਦਿੰਦਿਆਂ ਐਕਸੀਅਨ ਪੀ.ਐੱਸ.ਪੀ.ਸੀ.ਐੱਲ. ਜਸਪ੍ਰੀਤ ਸਿੰਘ ਨੇ ਦੱਸਿਆ ਕਿ ਮਾਨਸਾ ਸ਼ਹਿਰ ਵਿਖੇ ਕੁੱਲ 11460 ਬਿਜਲੀ ਦੇ ਬਿਲ ਜਾਰੀ ਕੀਤੇ ਗਏ, ਜਿਨ੍ਹਾਂ ਵਿੱਚੋਂ 10684 ਘਰਾਂ ਨੂੰ ਜ਼ੀਰੋ ਰਕਮ ਦੇ ਬਿਲ ਪ੍ਰਾਪਤ ਹੋਏ ਹਨ। ਇਸੇ ਤਰ੍ਹਾਂ ਸਬ-ਸ਼ਹਿਰੀ ਮਾਨਸਾ ਵਿਖੇ 23071 ਬਿਲ ਜਾਰੀ ਕੀਤੇ ਗਏ ਤੇ 20062 ਘਰਾਂ ਨੂੰ ਜ਼ੀਰੋ ਬਿਲ ਆਇਆ। ਉਨ੍ਹਾ ਦੱਸਿਆ ਕਿ ਸਰਦੂਲਗੜ੍ਹ ਵਿਖੇ 18342 ਬਿਜਲੀ ਬਿਲ ਜਾਰੀ ਕੀਤੇ ਤੇ 15975 ਘਰਾਂ ਦੇ ਜ਼ੀਰੋ ਰਕਮ ਦੇ ਬਿਲ ਆਏ। ਜੋਗਾ ਵਿਖੇ ਜਾਰੀ ਕੀਤੇ 6653 ਬਿਲਾਂ ਵਿੱਚੋਂ 6018 ਘਰਾਂ ਨੂੰ ਜ਼ੀਰੋ ਬਿਲ ਪ੍ਰਾਪਤ ਹੋਏ। ਉਨ੍ਹਾ ਦੱਸਿਆ ਕਿ ਝੁਨੀਰ ਵਿਖੇ 18694 ਘਰਾਂ ਨੂੰ ਬਿਜਲੀ ਬਿਲ ਜਾਰੀ ਕੀਤੇ ਗਏ, ਜਿਨ੍ਹਾਂ ਵਿੱਚੋਂ 15635 ਘਰਾਂ ਨੂੰ ਜ਼ੀਰੋ ਬਿਲ ਪ੍ਰਾਪਤ ਹੋਏ। ਐਕਸੀਅਨ ਨੇ ਅੱਗੇ ਦੱਸਿਆ ਕਿ ਬੁਢਲਾਡਾ ਵਿਖੇ ਜਾਰੀ ਕੀਤੇ 21597 ਬਿਲਾਂ ਵਿੱਚੋਂ 18845 ਘਰਾਂ ਨੂੰ ਜ਼ੀਰੋ ਬਿਲ ਆਇਆ। ਭੀਖੀ ਵਿਖੇ 16022 ਬਿੱਲ ਜਾਰੀ ਕੀਤੇ ਤੇ 14526 ਘਰਾਂ ਨੂੰ ਜ਼ੀਰੋ ਬਿਲ ਪ੍ਰਾਪਤ ਹੋਇਆ। ਬਰੇਟਾ ਵਿਖੇ ਕੁੱਲ 19898 ਘਰਾਂ ਨੂੰ ਭੇਜੇ ਬਿਜਲੀ ਬਿਲਾਂ ਵਿੱਚੋਂ 17198 ਘਰਾਂ ਦਾ ਬਿਜਲੀ ਬਿਲ ਜ਼ੀਰੋ ਪਾਇਆ ਗਿਆ। ਉਨ੍ਹਾ ਦੱਸਿਆ ਕਿ ਬੋਹਾ ਵਿਖੇ ਕੁੱਲ ਜਾਰੀ ਕੀਤੇ 13654 ਬਿਲਾਂ ਵਿੱਚੋਂ 11969 ਘਰਾਂ ਦਾ ਬਿਜਲੀ ਦਾ ਬਿਲ ਜ਼ੀਰੋ ਆਇਆ ਹੈ।

ਲਾਭਪਾਤਰੀ ਵੱਲੋਂ ਡਿੱਪੂ ਹੋਲਡਰ 'ਤੇ ਦੁਰਵਿਹਾਰ ਦਾ ਦੋਸ਼

- ਉੱਚ ਅਧਿਕਾਰੀਆਂ ਤੋਂ ਕੀਤੀ ਕਾਰਵਾਈ ਦੀ ਮੰਗ
- ਮੇਰੇ ਨਾਲ ਕੀਤੈ ਲਾਭਪਾਤਰੀ ਨੇ ਦੁਰਵਿਹਾਰ : ਡਿੱਪੂ ਹੋਲਡਰ

ਮਲੋਟ/ਲੰਬੀ (ਓਮ ਪ੍ਰਕਾਸ਼ ਸੇਖੂ)-ਹਮੇਸ਼ਾ ਦੀ ਤਰ੍ਹਾਂ ਚਰਚਾ ਵਿੱਚ ਰਹੇ ਡਿੱਪੂ ਹੋਲਡਰਾਂ ਨੇ ਆਮ ਜਨਤਾ ਪ੍ਰਤੀ ਨਹੀਂ ਬਦਲਿਆ ਆਪਣਾ ਰਵੱਈਆ। ਮਿਲੀ ਜਾਣਕਾਰੀ ਅਨੁਸਾਰ ਬਰਜਾਂ ਰੋਡ ਨੇੜੇ ਨਿਆ ਗਾਓਂ ਦੀਆਂ ਢਾਣੀਆਂ ਵਿੱਚ ਰਹਿੰਦੇ ਪਰਿਵਾਰ ਦੀ ਮਹਿਲਾ ਪਵਨਵੀਰ ਕੌਰ ਪਤਨੀ ਗਮਦੂਰ ਸਿੰਘ ਨੇ ਕਿਹਾ ਕਿ ਸਾਡੇ ਪਰਿਵਾਰ ਦਾ ਰਾਸ਼ਨ ਕਾਰਡ ਸੋਨੂੰ ਪੁੱਤਰ ਰਾਜ ਕੁਮਾਰ, ਜਿਸ ਦਾ ਡਿੱਪੂ ਕੌਰੋ ਰੋਡ 'ਤੇ ਸਥਿਤ ਹੈ, ਕੋਲ ਲੱਗਾ ਹੈ। ਪਵਨਵੀਰ ਕੌਰ ਨੇ ਆਪਣੀ ਹੱਡਬੀਤੀ ਸੁਣਾਉਂਦੇ ਕਿਹਾ ਕਿ ਉਸ ਦਾ ਪਤੀ ਗਮਦੂਰ ਸਿੰਘ ਡਿੱਪੂ ਤੋਂ ਰਾਸ਼ਨ ਲੈਣ ਗਿਆ, ਸੁਬ੍ਹਾ ਤੋਂ ਸ਼ਾਮ ਹੋ ਗਈ, ਪ੍ਰੰਤੂ ਡਿੱਪੂ ਵਾਲੇ ਨੇ ਸਾਡੀ ਪਰਚੀ ਨਹੀਂ ਕੱਟੀ ਤੇ ਦੂਜੇ ਪਾਸੇ ਆਪਣੇ ਚਹੇਤਿਆਂ ਦੀਆਂ ਪਰਚੀਆਂ ਕੱਟ ਦਿੱਤੀਆਂ। ਮੇਰੇ ਪਤੀ ਗਮਦੂਰ ਸਿੰਘ ਵੱਲੋਂ ਜਦੋਂ ਪਰਚੀ ਨਾ ਕੱਟਣ ਦਾ ਕਾਰਨ ਪੁੱਛਿਆ ਤਾਂ ਡਿੱਪੂ ਮਾਲਕ ਅੱਗ ਬਬੂਲਾ ਹੋ ਗਿਆ ਤੇ ਕਿਹਾ ਕਿ ਜਿੱਥੇ ਮਰਜ਼ੀ ਮੇਰੀ ਸ਼ਿਕਾਇਤ ਕਰਦੇ, ਤੇਰੀ ਪਰਚੀ ਨਹੀਂ ਕੱਟਣੀ ਤੇ ਨਾ ਹੀ ਤੇਰੀ ਕਣਕ ਆਈ ਹੈ ਮੇਰੇ ਕੋਲ। ਪਵਨਵੀਰ ਕੌਰ ਅਨੁਸਾਰ ਜਦੋਂ ਉਸ ਨੇ ਡਿੱਪੂ ਮਾਲਕ ਸੋਨੂੰ ਨਾਲ ਗੱਲ ਕੀਤੀ ਤਾਂ ਉਸ ਨੇ ਉਸ ਨਾਲ ਵੀ ਭੱਦੀ ਸ਼ਬਦਾਵਲੀ ਵਰਤੀ ਤੇ ਕਿਹਾ ਕਿ ਤੂੰ ਮੇਰੇ 'ਤੇ ਕੋਈ ਅਫਸਰ ਨਹੀਂ ਲੱਗੀ ਹੋਈ। ਪਵਨਵੀਰ ਕੌਰ ਅਨੁਸਾਰ ਇਸ ਦੀ ਸ਼ਿਕਾਇਤ ਜ਼ਿਲ੍ਹਾ ਅਫਸਰ ਫੂਡ ਸਪਲਾਈ, ਮੰਤਰੀ, ਮੁੱਖ ਮੰਤਰੀ ਪੰਜਾਬ ਤੇ ਸਥਾਨਕ ਅਧਿਕਾਰੀ ਕਸ਼ਮੀਰ ਸਿੰਘ ਨੂੰ ਵੀ ਕਰ ਚੁੱਕੀ ਹੈ, ਅੱਠ ਦਿਨ ਬੀਤਣ 'ਤੇ ਵੀ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ।

ਦੂਜੇ ਪਾਸੇ ਡਿੱਪੂ ਦੇ ਮਾਲਕ ਸੋਨੂੰ ਕੁਮਾਰ ਨਾਲ ਫੋਨ ਨੰਬਰ 98786, 83180 'ਤੇ ਗੱਲਬਾਤ ਕੀਤੀ ਤਾਂ ਉਸ ਨੇ ਕਿਹਾ ਕਿ ਗਮਦੂਰ ਸਿੰਘ ਨੇ ਮੇਰੇ ਨਾਲ ਗਲਤ ਵਿਹਾਰ ਕੀਤਾ, ਜਿਸ ਦਾ ਸਬੂਤ ਮੇਰੇ ਕੋਲ ਹੈ ਅਤੇ ਜਦੋਂ ਡੀ ਐੱਫ ਐੱਸ ਓ ਕਸ਼ਮੀਰ ਸਿੰਘ ਨਾਲ ਫੋਨ 'ਤੇ ਗੱਲਬਾਤ ਕੀਤੀ ਤਾਂ ਉਸ ਨੇ ਕਿਹਾ ਕਿ ਅਸੀਂ ਸਿਰਫ ਪੀੜਤਾ ਨੂੰ ਕਣਕ ਦਿਵਾ ਸਕਦੇ ਹਾਂ, ਪ੍ਰੰਤੂ ਡਿੱਪੂ ਤੇ ਡਿੱਪੂ ਮਾਲਕ ਖਿਲਾਫ ਕੋਈ ਕਾਰਵਾਈ ਨਹੀਂ ਕਰ ਸਕਦੇ, ਇਹ ਕੰਮ ਜ਼ਿਲ੍ਹੇ ਦੇ ਅਫਸਰ ਤੇ ਮੰਤਰੀ ਦਾ ਹੈ। ਪੀੜਤਾ ਪਵਨਵੀਰ ਕੌਰ ਨੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਤੇ ਫੂਡ ਸਪਲਾਈ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਤੋਂ ਡਿੱਪੂ ਮਾਲਕ ਤੇ ਡੀ ਐੱਫ ਐੱਸ ਓ ਸ੍ਰ. ਕਸ਼ਮੀਰ ਸਿੰਘ ਖਿਲਾਫ ਇਨਕੁਆਰੀ ਲਾ ਕੇ ਮੈਨੂੰ ਤੇ ਮੇਰੇ ਪਰਿਵਾਰ ਨੂੰ ਇਨਸਾਫ ਦਿੱਤਾ ਜਾਵੇ, ਨਹੀ ਤਾਂ ਮੈਂ ਫੂਡ ਸਪਲਾਈ ਦਫਤਰ ਅੱਗੇ ਆਪਣੇ ਪਰਿਵਾਰ ਨਾਲ ਧਰਨੇ 'ਤੇ ਬੈਠ ਜਾਵਾਂਗੀ।

ਨਗਦੀ ਤੇ ਸੋਨੇ ਦੇ ਗਹਿਣੇ ਚੋਰੀ ਕਰਨ ਦੇ ਦੋਸ਼ 'ਚ ਦੋ ਕਾਬੂ

ਮਲੋਟ (ਗੁਰਮੀਤ ਸਿੰਘ ਮੱਕੜ)

ਸਥਾਨਕ ਥਾਣਾ ਸਿਟੀ ਪੁਲਸ ਨੇ ਨਗਦੀ ਅਤੇ ਸੋਨੇ ਦੇ ਗਹਿਣੇ ਚੋਰੀ ਕਰਨ ਦੇ ਦੋਸ਼ ਹੇਠ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨਾਂ 'ਚ ਮਨਦੀਪ ਕੁਮਾਰ ਵਾਸੀ ਮਲੋਟ ਨੇ ਦੱਸਿਆ ਕਿ ਉਹ ਕਿਰਾਏ 'ਤੇ ਰਹਿੰਦਾ ਹੈ ਅਤੇ ਮਕਾਨ ਦੇ ਹੇਠਲੇ ਪੋਰਸ਼ਨ 'ਚ ਮਕਾਨ ਦਾ ਮਾਲਕ ਖੁਦ ਰਹਿੰਦਾ ਹੈ ਜੋ ਕਿ 3 ਦਿਨਾਂ ਲਈ ਬਾਹਰ ਗਿਆ ਹੋਇਆ ਅਤੇ ਉਹ ਵੀ ਆਪਣੇ ਬੱਚਿਆਂ ਨਾਲ ਬਾਹਰ ਗਿਆ ਹੋਇਆ ਸੀ ਅਤੇ ਜਦੋਂ ਉਹ ਕਰੀਬ ਰਾਤ ਦੇ 9 ਵਜੇ ਘਰ 'ਚ ਵਾਪਸ ਆਇਆ ਤਾਂ ਉਸ ਨੇ ਦੇਖਿਆ ਕਿ ਘਰ ਦੀਆਂ ਅਲਮਾਰੀਆਂ ਖੁੱਲ੍ਹੀਆਂ ਪਈਆਂ ਸਨ ਅਤੇ ਉਸ ਵੱਲੋਂ ਜਾਂਚ ਕਰਨ 'ਤੇ ਪਤਾ ਲੱਗਿਆ ਕਿ ਲਗਭਗ 25 ਹਜ਼ਾਰ ਰੁਪਏ ਨਗਦੀ ਅਤੇ ਇੱਕ ਤੋਲੇ ਮੁਰਕੀਆਂ ਸੋਨਾ ਅਲਮਾਰੀ ਵਿਚੋਂ ਗਾਇਬ ਸੀ। ਜਿਨ੍ਹਾਂ ਨੂੰ ਕੋਈ ਅਣਪਛਾਤਾ ਵਿਅਕਤੀ ਚੋਰੀ ਕਰਕੇ ਲੈ ਗਿਆ। ਪੁਲਸ ਨੇ ਬਿਆਨਾਂ ਦੇ ਅਧਾਰ 'ਤੇ ਮੁਕੱਦਮਾ ਨੰ.02 ਧਾਰਾ 457,380 ਆਈ ਪੀ ਸੀ ਤਹਿਤ ਦਰਜ ਕਰਕੇ ਕਾਰਵਾਈ ਕਰਦੇ ਹੋਏ ਦੋਸ਼ੀ ਕਾਸ਼ੀ ਸਿੰਘ ਵਾਸੀ ਮਲੋਟ ਅਤੇ ਜਗਦੀਸ਼ ਸਿੰਘ ਵਾਸੀ ਘੁਮਿਆਰਾ ਖੇੜਾ ਨੂੰ ਕਾਬੂ ਕਰ ਲਿਆ ਗਿਆ।

ਕਾਤਰਾਂ

ਐਡੀਸਨ ਇੰਸਟੀਚਿਊਟ ਦੇ ਵਿਦਿਆਰਥੀ ਨੇ ਪ੍ਰਾਪਤ ਕੀਤੇ 8 ਬੈਂਡ

ਬਾਘਾ ਪੁਰਾਣਾ (ਮਨੀ ਸਿੰਗਲਾ)-ਸਥਾਨਕ ਸ਼ਹਿਰ ਦੀ ਕੋਟਕਪੂਰਾ ਸੜਕ ਉੱਪਰ ਸਥਿਤ ਐਡੀਸਨ ਇੰਸਟੀਚਿਊਟ ਜੋ ਕਿ ਆਇਲਟਸ ਅਤੇ ਪੀ ਟੀ ਈ ਦੇ ਖੇਤਰ ਵਿੱਚ ਲਗਾਤਾਰ ਬਹੁਤ ਵਧੀਆ ਨਤੀਜੇ ਦੇ ਰਿਹਾ ਹੈ। ਸੰਸਥਾ ਦੇ ਡਾਇਰੈਕਟਰ ਹਰਿੰਦਰ ਸਿੰਘ ਬਰਾੜ ਰੋਡੇ ਨੇ ਦੱਸਿਆ ਕਿ ਸੰਸਥਾ ਦੇ ਵਿਦਿਆਰਥੀ ਰੁਪਿੰਦਰਪਾਲ ਸਿੰਘ ਵਾਸੀ ਲੰਗੇਆਣਾ (ਮੋਗਾ) ਨੇ ਆਇਲਟਸ ਦੀ ਪ੍ਰੀਖਿਆ ਵਿੱਚ ਸਪੀਕਿੰਗ 8, ਰੀਡਿੰਗ 7, ਰਾਈਟਿੰਗ, ਸਪੀਕਿੰਗ 6 ਅਤੇ ਓਵਰਆਲ 7 ਬੈਂਡ ਪ੍ਰਾਪਤ ਕਰਕੇ ਆਪਣਾ ਅਤੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਵਿਦਿਆਰਥੀ ਨੇ ਇਸ ਦਾ ਸਿਹਰਾ ਸੰਸਥਾ ਦੇ ਅਧਿਆਪਕਾਂ ਨੂੰ ਦਿੱਤਾ ਅਤੇ ਦੱਸਿਆ ਕਿ ਪੜ੍ਹਾਈ ਲਈ ਸਾਰਥਕ ਮਾਹੌਲ ਬਹੁਤ ਹੀ ਲਾਹੇਵੰਦ ਸਾਬਤ ਹੋਇਆ ਹੈ। ਇਸ ਮੌਕੇ ਡਾਇਰੈਕਟਰ ਬਰਾੜ ਨੇ ਦੱਸਿਆ ਕਿ ਬੱਚਿਆਂ ਨੂੰ ਰੀਡਿੰਗ ਅਤੇ ਰਾਈਟਿੰਗ ਦੀਆਂ ਸਪੈਸ਼ਲ ਕਲਾਸਾਂ ਬਿਲਕੁਲ ਮੁਫਤ ਦਿੱਤੀਆਂ ਜਾਂਦੀਆਂ ਹਨ। ਉਨ੍ਹਾ ਇਹ ਵੀ ਦੱਸਿਆ ਕਿ ਆਇਲਟਸ ਵਿੱਚ ਵਧੀਆ ਬੈਂਡ ਪ੍ਰਾਪਤ ਕਰਨ ਉਪਰੰਤ ਤੁਸੀਂ ਆਪਣਾ ਸਟੱਡੀ ਵੀਜ਼ਾ ਇਸ ਸੰਸਥਾ ਤੋਂ ਅਪਲਾਈ ਕਰ ਸਕਦੇ ਹੋ। ਇਸ ਮੌਕੇ ਵਿਦਿਆਰਥੀ ਨੂੰ ਪ੍ਰਮਾਣ ਪੱਤਰ ਸੌਂਪਦਿਆਂ ਡਾਇਰੈਕਟਰ ਹਰਿੰਦਰ ਸਿੰਘ ਬਰਾੜ ਰੋਡੇ ਅਤੇ ਮੈਡਮ ਸੁਖਦੀਪ ਕੌਰ ਸੰਧੂ ਨੇ ਉਜਵਲ ਭਵਿੱਖ ਲਈ ਕਾਮਨਾ ਕੀਤੀ।

ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ ਦੋ ਮੈਂਬਰ ਕਾਬੂ

ਮਮਦੋਟ (ਜਸਬੀਰ ਸਿੰਘ ਕੰਬੋਜ, ਹਰਪਾਲ ਸੋਢੀ)-ਮਮਦੋਟ ਪੁਲਸ ਵੱਲੋਂ ਇਲਾਕੇ 'ਚ ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ ਦੋ ਮੈਂਬਰਾਂ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਮਿਲੀ ਜਾਣਕਾਰੀ ਮੁਤਾਬਕ ਗਸ਼ਤ ਦੌਰਾਨ ਥਾਣਾ ਮਮਦੋਟ ਦੀ ਪੁਲਸ ਪਾਰਟੀ ਨੂੰ ਇਤਲਾਹ ਮਿਲੀ ਕਿ ਸਥਾਨਕ ਮਹਾਰਾਜਾ ਪੈਲੇਸ ਕੋਲ ਰਾਹਗੀਰਾਂ ਤੋਂ ਲੁੱਟਾਂ-ਖੋਹਾਂ ਕਰਨ ਦੀ ਤਾਕ 'ਚ ਗਰੋਹ ਦੇ 3 ਮੈਂਬਰ ਖੜੇ ਹਨ। ਮੁਖਬਰ ਵੱਲੋਂ ਮਿਲੀ ਇਤਲਾਹ 'ਤੇ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਦੱਸੀ ਜਗ੍ਹਾ 'ਤੇ ਛਾਪੇਮਾਰੀ ਕਰਕੇ ਗਰੋਹ ਦੇ 3 ਮੈਂਬਰਾਂ ਵਿੱਚੋਂ 2 ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ, ਜਦਕਿ ਉਨ੍ਹਾਂ ਵਿੱਚੋਂ ਗਰੋਹ ਦਾ ਇੱਕ ਮੈਂਬਰ ਭੱਜਣ ਵਿੱਚ ਕਾਮਯਾਬ ਹੋ ਗਿਆ। ਪੁਲਸ ਵੱਲੋਂ ਕਾਬੂ ਕੀਤੇ ਗਏ ਦੋ ਨੌਜਵਾਨਾਂ ਦੀ ਪਹਿਚਾਣ ਕਸ਼ਮੀਰ ਸਿੰਘ ਪੁੱਤਰ ਹੰਸਾ ਸਿੰਘ ਤੇ ਸਰਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਖਾਈ ਮਹਿਲ ਸਿੰਘ ਵਾਲਾ ਵਜੋਂ ਹੋਈ ਹੈ ਤੇ ਉਨ੍ਹਾਂ ਪਾਸੋਂ 5 ਪੈਕਟ ਬਦਾਮ ਵਜ਼ਨ ਕਰੀਬ ਦੋ ਕਿਲੋਗ੍ਰਾਮ ਬਰਾਮਦ ਬਰਾਮਦ ਹੋਏ ਹਨ। ਫਰਾਰ ਨੌਜਵਾਨ ਸਾਜਨ ਪੁੱਤਰ ਹੀਰਾ ਸਿੰਘ ਵਾਸੀ ਭਾਈ ਮਹਿਲ ਸਿੰਘ ਵਾਲਾ ਨੂੰ ਫੜਨ ਲਈ ਪੁਲਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।

ਮੀਰੀ ਪੀਰੀ ਖਾਲਸਾ ਅਕੈਡਮੀ ਦੇ ਵਿਦਿਆਰਥੀ ਸਨਮਾਨਤ

ਸਿਰਸਾ (ਸੁਰਿੰਦਰ ਪਾਲ ਸਿੰਘ)-ਪਿੰਡ ਫੱਗੂ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਦਿਹਾੜੇ ਨੂੰ ਮੁੱਖ ਰੱਖਦਿਆਂ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ। ਇਸ ਮੌਕੇ ਮੀਰੀ ਪੀਰੀ ਖਾਲਸਾ ਅਕੈਡਮੀ ਕਾਹਨੇਵਾਲਾ ਦੇ ਬੱਚਿਆਂ ਨੇ ਗੁਰੂ ਸਾਹਿਬ ਦੀ ਜੀਵਨੀ ਸਬੰਧੀ ਕਵਿਤਾਵਾਂ ਪੇਸ਼ ਕੀਤੀਆਂ ਤੇ ਸਕੂਲ ਮਿਊਜ਼ਿਕ ਟੀਚਰ ਦਿਨੇਸ਼ ਲਾਹੌਰੀ ਨੇ ਸ਼ਬਦ ਕੀਰਤਨ ਉਚਾਰਣ ਕੀਤਾ ਗਿਆ। ਅਧਿਆਪਕਾਂ ਤੇ ਵਿਦਿਆਰਥੀਆਂ ਦੀ ਸਿੱਖੀ ਇਤਿਹਾਸ ਪ੍ਰਤੀ ਭਾਵਨਾਵਾਂ ਨੂੰ ਦੇਖਦਿਆਂ ਪਿੰਡ ਫੱਗੂ ਦੇ ਬੱਸ ਸਟੈਂਡ ਸਥਿਤ ਗੁਰੂਦੁਆਰਾ ਸ੍ਰੀ ਹਰਿਕ੍ਰਿਸ਼ਨ ਸਾਹਿਬ ਪਾਤਸ਼ਾਹੀ ਅੱਠਵੀਂ ਵਿਖੇ ਗੁਰੂਘਰ ਦੇ ਹੈੱਡ ਗ੍ਰੰਥੀ ਬਾਬਾ ਨਿਰਮਲ ਸਿੰਘ ਤੇ ਪ੍ਰਬੰਧਕਾਂ ਨੇ ਮਿਊਜ਼ਿਕ ਟੀਚਰ ਦਿਨੇਸ਼ ਲਾਹੌਰੀ ਨੂੰ ਗੁਰੂ ਦੀ ਦਾਤ ਸਿਰੋਪਾਓ ਸਾਹਿਬ ਦੇ ਕੇ ਸਨਮਾਨਤ ਕੀਤਾ ਇਸ ਮੌਕੇ ਦਸਮੇਸ਼ ਗੁਰਮਤਿ ਵਿੱਦਿਅਕ ਲਾਇਬ੍ਰੇਰੀ ਦੇ ਸੰਚਾਲਕ ਆਤਮਾ ਸਿੰਘ ਸਿੱਧੂ ਵੱਲੋਂ ਅਕੈਡਮੀ ਦੇ ਬੱਚਿਆਂ ਤੇ ਅਧਿਆਪਕਾਂ ਨੂੰ ਰੱਬੀ ਬਾਣੀ ਨਾਲ

4-JAN-PAGE- 8.qxd 1/3/2023 10:35 PM Page 1

ਨਵੇਂ ਵਰ੍ਹੇ ਦੀ ਆਮਦ ਮੌਕੇ ਲਿਆ ਗੁਰਬਾਣੀ ਦਾ ਓਟ-ਆਸਰਾ

ਕਪੂਰਥਲਾ, (ਪ੍ਰੀਤ ਸੰਗੋਜਲਾ) ਨਵੇਂ ਵਰ੍ਹੇ 2023 ਦੀ ਆਮਦ ਮੌਕੇ ਪ੍ਰਮਾਤਮਾ ਦੇ ਓਟ ਆਸਰੇ ਲਈ ਜਿਲ੍ਹਾ ਪ੍ਰਸ਼ਾਸ਼ਨ ਕਪੂਰਥਲਾ ਵਲੋਂ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ, ਨਗਰ ਨਿਗਮ ਕਮਿਸ਼ਨਰ ਅਨੁਪਮ ਕਲੇਰ, ਐਸ.ਡੀ.ਐਮ. ਲਾਲ ਵਿਸ਼ਵਾਸ਼ ਬੈਂਸ ਸਮੇਤ ਵੱਡੀ ਗਿਣਤੀ ਵਿਚ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਤੇ ਅਧਿਕਾਰੀ ਨਰਿੰਦਰ ਸਿੰਘ ਚੀਮਾ ਜ਼ਿਲ੍ਹਾ ਪ੍ਰਧਾਨ ਤੇ ਜਨਰਲ ਸਕੱਤਰ ਪੰਜਾਬ ਡੀ ਸੀ ਦਫਤਰ ਕਰਮਚਾਰੀ,ਕੁਲਜੀਤ ਸਿੰਘ ਬੰਸੀ, ਰਜਵਾਨ ਖਾਨ ,ਰਘੂ ਕੁਮਾਰ, ਮਨਦੀਪ ਸਿੰਘ ਤੇ ਕਰਮਚਾਰੀਆਂ ਨੇ ਗੁਰੂ ਚਰਨਾਂ ਵਿਚ ਹਾਜਰੀ ਭਰੀ। ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਨਵੇਂ ਸਾਲ ਦੀ ਆਮਦ ਮੌਕੇ ਮੁਬਾਰਕਬਾਦ ਦਿੰਦਿਆਂ ਸਭ ਨੂੰ ਤਨਦੇਹੀ ਨਾਲ ਡਿਊਟੀ ਕਰਨ ਤੇ ਆਮ ਲੋਕਾਂ ਦੇ ਮਸਲੇ ਪਹਿਲ ਦੇ ਅਧਾਰ 'ਤੇ ਹੱਲ ਕਰਨ ਲਈ ਯਤਨਸ਼ੀਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਤੇ ਕਰਮਚਾਰੀਆਂ ਵਲੋਂ ਨਵੇਂ ਸਾਲ ਦੀ ਸ਼ੁਰੂਆਤ ਮੌਕੇ ਗੁਰਬਾਣੀ ਦਾ ਓਟ ਆਸਰਾ ਲੈਣ ਨੂੰ ਚੰਗੀ ਪਿਰਤ ਦੱਸਿਆ। ਇਸ ਮੌਕੇ ਰਾਗੀ ਸਿੰਘਾਂ ਵਲੋਂ ਗੁਰੂ ਜਸ ਗਾਇਨ ਕਰਕੇ ਸੰਗਤ ਨੂੰ ਨਿਹਾਲ ਕੀਤਾ ਗਿਆ ਤੇ ਗੁਰੂ ਦਾ ਲੰਗਰ ਵੀ ਅਤੁੱਟ ਵਰਤਿਆ।

ਹਦੀਆਬਾਦ 'ਚ ਸੀਮੈਂਟ ਵਾਲੀ ਕ੍ਰਿਕਟ ਪਿੱਚ ਦਾ ਉਦਘਾਟਨ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ) ਹਦੀਆਬਾਦ ਕ੍ਰਿਕਟ ਇਲੈਵਨ ਦੀ ਨਿਗਰਾਨੀ ਹੇਠ ਪ੍ਰਵਾਸੀ ਭਾਰਤੀ ਰਾਜਵੀਰ ਥਾਪਰ ਬੈਲਜੀਅਮ ਅਤੇ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਤਿਆਰ ਕੀਤੀ ਸੀਮੈਂਟ ਵਾਲੀ ਕ੍ਰਿਕਟ ਪਿਚ ਦਾ ਉਦਘਾਟਨ ਆਮ ਆਦਮੀ ਪਾਰਟੀ ਲੀਗਲ ਸੈਲ ਪੰਜਾਬ ਦੇ ਸਕੱਤਰ ਕਸ਼ਮੀਰ ਸਿੰਘ ਮੱਲ੍ਹੀ ਐਡਵੋਕੇਟ, ਐਸ. ਸੀ. ਵਿੰਗ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਸੰਤੋਸ਼ ਕੁਮਾਰ ਗੋਗੀ, ਸਮਾਜ ਸੇਵਕ ਪਿੰਦੂ ਜੌਹਲ ਯੂ.ਕੇ., ਮਨਜੀਤ ਸਿੰਘ ਅਤੇ ਸਰਬ ਨੌਜਵਾਨ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਵਲੋਂ ਸਾਂਝੇ ਤੌਰ 'ਤੇ ਰਿਬਨ ਕੱਟ ਕੇ ਕੀਤਾ ਗਿਆ। ਐਡਵੋਕੇਟ ਮੱਲ੍ਹੀ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜੇਕਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਨਾਉਣਾ ਹੈ ਤਾਂ ਖੇਡਾਂ ਤੇ ਖਿਡਾਰੀਆਂ ਨੂੰ ਉਤਸ਼ਾਹਤ ਕਰਨਾ ਪਵੇਗਾ। ਉਹਨਾਂ ਦੱਸਿਆ ਕਿ ਭਗਵੰਤ ਮਾਨ ਸਰਕਾਰ 'ਖੇਡਾਂ ਵਤਨ ਪੰਜਾਬ ਦੀਆਂ' ਰਾਹੀਂ ਇਕ ਵੱਡਾ ਉਪਰਾਲਾ ਕਰ ਰਹੀ ਹੈ। ਉਹਨਾਂ ਸਮਾਜ ਸੇਵੀ ਸੰਸਥਾਵਾਂ ਅਤੇ ਐਨ.ਆਰ.ਆਈ. ਵੀਰਾਂ ਵਲੋਂ ਪ੍ਰਾਪਤ ਹੋ ਰਹੇ ਸਹਿਯੋਗ ਦੀ ਵੀ ਸ਼ਲਾਘਾ ਕੀਤੀ। ਸਮਾਜ ਸੇਵਕ ਮਨਜੀਤ ਸਿੰਘ ਨੇ ਵੀ ਸਮਾਜ ਸੇਵੀ ਸੰਸਥਾਵਾਂ ਵਲੋਂ ਨਿਸਵਾਰਥ ਭਾਵਨਾ ਨਾਲ ਕੀਤੇ ਜਾ ਰਹੇ ਸਹਿਯੋਗ ਦੀ ਸ਼ਲਾਘਾ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਆਮ ਆਦਮੀ ਪਾਰਟੀ ਦੇ ਸੂਬਾ ਸਹਿ ਸਕੱਤਰ ਨਿਰਮਲ ਸਿੰਘ ਨੇ ਪੰਜਾਬ ਸਰਕਾਰ ਤੋਂ ਗੁਜਾਰਿਸ਼ ਕੀਤੀ ਕਿ ਹਦੀਆਬਾਦ ਦੀ ਗਰਾਊਂਡ ਨੂੰ ਵਧੀਆ ਤਰੀਕੇ ਨਾਲ ਸੰਭਾਲਿਆ ਜਾਵੇ ਅਤੇ ਗਰਾਊਂਡ ਵਿਚ ਸਬ-ਮਰਸੀਬਲ ਪੰਪ, ਕਮਰਾ ਤੇ ਚਾਰਦੀਵਾਰੀ ਦੀ ਉਸਾਰੀ ਜਰੂਰ ਕਰਵਾਈ ਜਾਵੇ। ਆਮ ਆਦਮੀ ਪਾਰਟੀ ਦੀ ਜ਼ਿਲ੍ਹਾ ਪ੍ਰਧਾਨ ਲਲਿਤ ਸਕਲਾਨੀ ਨੇ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਤ ਕਰਨ ਦੇ ਹਰ ਉਪਰਾਲੇ ਵਿਚ ਪੂਰੀ ਤਰ੍ਹਾਂ

ਸਹਿਯੋਗ ਕਰੇਗੀ। ਉਹਨਾਂ ਹਦੀਆਬਾਦ ਵਿਖੇ ਕ੍ਰਿਕਟ ਅਕੈਡਮੀ ਸਥਾਪਤ ਕਰਨ ਦੀ ਇੱਛਾ ਵੀ ਜਾਹਿਰ ਕੀਤੀ। ਇਸ ਸੀਮੇਂਟ ਪਿੱਚ ਦੀ ਤਿਆਰੀ ਵਿਚ ਵਿਸ਼ੇਸ਼ ਸਹਿਯੋਗ ਦੇਣ ਵਾਲੇ ਆਪ ਆਗੂ ਸੰਤੋਸ਼ ਕੁਮਾਰ ਗੋਗੀ ਨੇ ਸਮੂਹ ਪਤਵੰਤਿਆਂ ਦਾ ਪਹੁੰਚਣ ਲਈ ਧੰਨਵਾਦ ਕੀਤਾ ਅਤੇ ਮਹਿਮਾਨਾਂ ਨੂੰ ਸਿਰੋਪੇ ਪਾ ਕੇ ਸਨਮਾਨਤ ਕੀਤਾ। ਉਹਨਾਂ ਦੱਸਿਆ ਕਿ ਇੱਥੇ ਖਿਡਾਰੀਆਂ ਨੂੰ ਫਰੀ ਕੋਚਿੰਗ ਦਿੱਤੀ ਜਾਵੇਗੀ। ਐਨ.ਆਰ.ਆਈ. ਪਿੰਦੂ ਜੌਹਲ ਅਤੇ ਰਾਜਵੀਰ ਥਾਪਰ ਨੇ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਸਮਾਗਮ ਦੌਰਾਨ ਸਟੇਜ ਦੀ ਸੇਵਾ ਲੈਕਚਰਾਰ ਹਰਜਿੰਦਰ ਗੋਗਨਾ ਵਲੋਂ ਨਿਭਾਈ ਗਈ। ਇਸ ਮੌਕੇ ਅਧਿਆਪਕ ਆਗੂ ਸੁਖਵਿੰਦਰ ਸਿੰਘ ਕੰਬੋਜ, ਪੰਜਾਬੀ ਗਾਇਕ ਸ਼ਵੀ ਕੰਗ, ਰਾਸ਼ਟਰੀ ਫੁਟਬਾਲ ਖਿਡਾਰੀ ਰਾਮਪਾਲ ਟਿੱਪੂ, ਆਪ ਆਗੂ ਹਰਜਿੰਦਰ ਸਿੰਘ ਵਿਰਕ, ਡਾ. ਜਤਿੰਦਰ ਸਿੰਘ ਪ੍ਰਹਾਰ, ਯੂਥ ਆਪ ਆਗੂ ਤਵਿੰਦਰ ਸਿੰਘ ਤੋਂ ਇਲਾਵਾ ਰਾਕੇਸ਼ ਕੁਮਾਰ ਕਾਕਾ, ਜੋਗਰਾਜ ਨਾਹਰ, ਮਨੀਸ਼ ਨਾਗਲਾ, ਐਡਵੋਕੇਟ ਸੰਦੀਪ, ਕੁਲਦੀਪ ਸਿੰਘ, ਵਿਮਲ ਸ਼ਰਮਾ, ਵਰਿੰਦਰ ਦੁੱਗਲ, ਅਸ਼ੋਕ ਦੁੱਗਲ, ਸੈਫੀ ਚੱਢਾ, ਸੌਰਭ ਜੋਸ਼ੀ, ਬਲਜੀਤ ਸਿੰਘ, ਗੁਰਦੀਪ ਦੀਪਾ, ਚਮਨ ਲਾਲ, ਨਰਿੰਦਰ ਸਿੰਘ ਸੈਣੀ, ਹੈਰੀ ਕੌਲ, ਸਾਗਰ ਚੱਢਾ, ਵਿਸ਼ਾਲ ਨਾਹਰ, ਜੀਵਨ ਸੌਂਧੀ, ਗੁਰਦੀਪ ਸਿੰਘ, ਵਿੱਕੀ ਸਿੰਘ ਆਦਿ ਹਾਜਰ ਸਨ।

ਜੰਗਲਾਤ ਵਿਭਾਗ ਵੱਲੋਂ 1.12 ਕਰੋੜ ਬੂਟੇ ਲਗਾਉਣ ਦਾ ਟੀਚਾ ਪੂਰਾ

ਸ਼ਹੀਦ ਭਗਤ ਸਿੰਘ ਹਰਿਆਵਲ ਲਹਿਰ ਤਹਿਤ ਲਗਾਏ 54 ਲੱਖ ਬੂਟੇ

ਚੰਡੀਗੜ੍ਹ, (ਗੁਰਜੀਤ ਬਿੱਲਾ)-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਵਿੱਚ ਜੰਗਲਾਤ ਹੇਠ ਰਕਬਾ ਵਧਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ, ਜਿਸ ਦਾ ਪਤਾ ਇਸ ਤੱਥ ਤੋਂ ਲੱਗਦਾ ਹੈ ਕਿ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਵੱਲੋਂ 2022 ਦੌਰਾਨ 1.12 ਕਰੋੜ ਬੂਟੇ ਲਗਾਉਣ ਦਾ ਟੀਚਾ ਪੂਰਾ ਕਰ ਲਿਆ ਗਿਆ।

ਹੁਣ ਤੱਕ ਸ਼ਹੀਦ ਭਗਤ ਸਿੰਘ ਹਰਿਆਵਲ ਲਹਿਰ ਤਹਿਤ 54 ਲੱਖ ਬੂਟੇ ਲਗਾਏ ਜਾ ਚੁੱਕੇ ਹਨ ਜਦਕਿ ਹੋਰ ਵੱਖ-ਵੱਖ ਸਕੀਮਾਂ ਤਹਿਤ 58 ਲੱਖ ਬੂਟੇ ਲਗਾਏ ਗਏ ਹਨ। ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਦੂਰਅੰਦੇਸੀ ਅਗਵਾਈ ਹੇਠ ਵਿਭਾਗ ਨੇ ਅਗਲੇ ਸਾਲ 3 ਕਰੋੜ ਬੂਟੇ ਲਗਾਉਣ ਦਾ ਟੀਚਾ ਮਿੱਥਿਆ ਹੈ ਜਿਸ ਲਈ ਵਿਭਾਗ ਕੋਈ ਕਸਰ ਬਾਕੀ ਨਹੀਂ ਛੱਡੇਗਾ। ਇਸ ਤੋਂ ਇਲਾਵਾ, ਪੰਜਾਬ ਜੰਗਲਾਤ ਵਿਕਾਸ ਕਾਰਪੋਰੇਸ਼ਨ ਦੀ ਪਿਛਲੇ ਸਾਲ ਹੋਈ 36 ਕਰੋੜ ਰੁਪਏ ਦੀ ਆਮਦਨ ਦੇ ਮੁਕਾਬਲੇ ਸਾਲ 2022 ਦੇ ਪਹਿਲੇ 7 ਮਹੀਨਿਆਂ ਦੌਰਾਨ ਕਾਰਪੋਰੇਸ਼ਨ ਨੂੰ 29 ਕਰੋੜ ਰੁਪਏ ਦੀ ਆਮਦਨ ਹੋਈ ਹੈ ਜੋ ਜਲਦ ਹੀ ਪਿਛਲੇ ਸਾਲ ਦੇ ਅੰਕੜੇ ਨੂੰ ਪਾਰ ਕਰ ਲਵੇਗੀ। ਇਸ ਦੇ ਨਾਲ ਹੀ ਸੂਬੇ ਭਰ ਵਿੱਚ ਨਰਸਰੀ ਇੰਚਾਰਜਾਂ ਦਾ ਸਿਖਲਾਈ ਪ੍ਰੋਗਰਾਮ 17 ਨਵੰਬਰ ਤੋਂ ਹੁਸ਼ਿਆਰਪੁਰ ਵਿਖੇ ਸ਼ੁਰੂ ਹੋ ਗਿਆ ਹੈ, ਜਿਸ ਵਿੱਚ ਪਹਾੜੀ ਖੇਤਰਾਂ ਦੀਆਂ ਨਰਸਰੀਆਂ ਦੇ ਇੰਚਾਰਜਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ। 'ਪਵਿੱਤਰ ਵਣ' (1 ਜਾਂ 2 ਹੈਕਟੇਅਰ ਰਕਬੇ ਵਿੱਚ ਬੂਟੇ ਲਗਾਉਣਾ), ਨਾਨਕ ਬਗੀਚੀ ਅਤੇ ਸਹੀਦ ਭਗਤ ਸਿੰਘ ਹਰਿਆਵਲ ਲਹਿਰ ਵਰਗੀਆਂ ਪਹਿਲਕਦਮੀਆਂ ਪੂਰੇ ਜੋਸੋ-ਖਰੋਸ਼ ਨਾਲ ਚੱਲ ਰਹੀਆਂ ਹਨ ਤਾਂ ਜੋ ਹਰਿਆਲੀ ਅਧੀਨ ਰਕਬਾ ਵਧਾ ਕੇ ਸਾਫ ਅਤੇ ਸਵੱਛ ਵਾਤਾਵਰਣ ਬਣਾਉਣ ਦਾ ਰਾਹ ਪੱਧਰਾ ਕੀਤਾ ਜਾ ਸਕੇ। ਰੋਪੜ ਵਿੱਚ ਸਦਾਬਰਸਤ ਜੰਗਲ ਅਤੇ ਗੁਰਦਾਸਪੁਰ ਵਿੱਚ ਕੇਸੋਪੁਰ ਛੰਭ ਵਿਕਿਸਤ ਕਰਨਾ ਵੀ ਵਿਭਾਗ ਦੀ ਪ੍ਰਮੁੱਖ ਤਰਜੀਹ ਹੈ ਅਤੇ ਇਨ੍ਹਾਂ ਖੇਤਰਾਂ ਨੂੰ ਖਿੱਚ ਦੇ ਕੇਂਦਰ ਬਣਾਉਣ ਲਈ ਇੱਥੇ ਸਹੂਲਤਾਂ ਪ੍ਰਦਾਨ ਕਰਨ 'ਤੇ ਜੋਰ ਦਿੱਤਾ ਜਾ ਰਿਹਾ ਹੈ।

ਇੱਕ ਹੋਰ ਪਹਿਲਕਦਮੀ ਤਹਿਤ ਵਿਭਾਗ ਦੇ ਕਰਮਚਾਰੀਆਂ ਨੂੰ ਵਰਦੀਆਂ ਮੁਹੱਈਆ ਕਰਵਾਉਣਾ ਸ਼ਾਮਲ ਹੈ, ਜੋ ਕਿ ਪ੍ਰਗਤੀ ਅਧੀਨ ਹੈ। ਇਸ ਨਾਲ ਵਿਭਾਗ ਨੂੰ ਇੱਕ ਨਵੀਂ ਦਿੱਖ ਮਿਲਣ ਦੇ ਨਾਲ ਨਾਲ ਕਰਮਚਾਰੀਆਂ ਦਾ ਆਤਮ-ਵਿਸ਼ਵਾਸ ਵੀ ਵਧੇਗਾ। ਕੁਝ ਪ੍ਰੋਜੈਕਟ ਜਿਵੇਂ ਕਿ ਫਗਵਾੜਾ-ਚੰਡੀਗੜ੍ਹ ਸੜਕ ਦਾ ਵੱਖ-ਵੱਖ ਕਿਸਮਾਂ ਦੇ ਬੂਟੇ ਲਗਾ ਕੇ ਸੁੰਦਰੀਕਰਨ ਕਰਨਾ, ਵਿਚਾਰ ਅਧੀਨ ਹਨ।

ਸਿੱਖਿਆ ਵਿਭਾਗ ਦੇ ਰਵੱਈਏ ਤੋਂ ਬੇਰੁਜ਼ਗਾਰਾਂ 'ਚ ਰੋਸ ਦੀ ਲਹਿਰ

14 ਨੂੰ ਸਿੱਖਿਆ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਦੀ ਚਿਤਾਵਨੀ

ਚੰਡੀਗੜ੍ਹ (ਗੁਰਜੀਤ ਬਿੱਲਾ)-ਪਿਛਲੀ ਕਾਂਗਰਸ ਸਰਕਾਰ ਨੇ ਚੋਣ ਜਾਬਤੇ ਤੋਂ ਸਿਰਫ ਇੱਕ ਦਿਨ ਪਹਿਲਾਂ ਸਕੂਲ ਲੈਕਚਰਾਰ ਦੀਆਂ 343 ਪੋਸਟਾਂ ਦਾ ਇਸ਼ਤਿਹਾਰ ਜਾਰੀ ਕੀਤਾ ਸੀ। ਜਿਸ ਵਿੱਚ ਹਿਸਟਰੀ, ਪੌਲੀਟੀਕਲ ਸਾਇੰਸ ਪੋਸਟਾਂ ਵਿੱਚ ਸਮਾਜਿਕ ਸਿੱਖਿਆ ਵਿਸ਼ੇ ਨਾਲ ਬੀਐੱਡ ਪਾਸ ਉਮੀਦਵਾਰਾਂ ਨੂੰ ਬਾਹਰ ਕੱਢਣ 'ਤੇ ਉਮੀਦਵਾਰਾਂ ਵਿੱਚ ਭਾਰੀ ਰੋਸ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਬੀ.ਐੱਡ.ਟੈੱਟ ਪਾਸ ਬੇਰੁਜਗਾਰ ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਪੱਕਾ ਨੇ ਕਿਹਾ ਕਿ ਲੈਕਚਰਾਰ ਦੀ ਭਰਤੀ ਵਿੱਚ ਸਮਾਜਿਕ ਸਿੱਖਿਆ ਵਰਗੇ ਵਿਸੇ ਨੂੰ ਬਾਹਰ ਰੱਖਣਾ ਬਹੁਤ ਹੀ ਅਫਸੋਸਜਨਕ ਹੈ। ਕਿਉਂਕਿ ਸਮਾਜਿਕ ਸਿੱਖਿਆ ਇੱਕ ਅਜਿਹਾ ਵਿਸਾ ਹੈ, ਜਿਸਨੇ ਬਹੁਤ ਸਾਰੇ ਵਿਸ਼ਿਆਂ ਨੂੰ ਆਪਣੇ ਅੰਦਰ ਸਮੇਟਿਆ ਹੋਇਆ ਹੈ। ਬੀ.ਐੱਡ ਦੇ ਕੋਰਸ ਵਿੱਚ ਜ਼ਿਆਦਾਤਰ ਵਿਦਿਆਰਥੀਆਂ ਇਸ ਵਿਸ਼ੇ ਨਾਲ ਹੀ ਸੰਬੰਧਿਤ ਹੁੰਦੇ ਹਨ। ਪਰ ਪੰਜਾਬ ਸਰਕਾਰ ਦੁਆਰਾ ਲੈਕਚਰਾਰ ਦੀਆਂ ਪੋਸਟਾਂ ਵਿੱਚ ਸਮਾਜਿਕ ਸਿੱਖਿਆ ਦੇ ਵਿਸੇ ਨੂੰ ਬਾਹਰ ਰੱਖਕੇ ਸਿਰਫ ਇਕਹਿਰੇ ਵਿਸ਼ਿਆਂ ਨੂੰ ਸ਼ਾਮਿਲ ਕਰਨਾ ਸਮਝ ਤੋਂ ਪਰ੍ਹੇ ਹੈ। ਇਸ ਸੰਬੰਧੀ ਸਿੱਖਿਆ ਮੰਤਰੀ ਹਰਜੋਤ ਬੈਂਸ ਨਾਲ ਕਈ ਮੀਟਿੰਗਾਂ ਕੀਤੀਆਂ ਗਈਆਂ, ਹਰ ਮੀਟਿੰਗ ਵਿੱਚ ਮੰਤਰੀ ਨੇ ਭਰੋਸਾ ਦਿੱਤਾ ਕਿ ਇਸ ਸੰਬੰਧੀ ਜਲਦ ਸੋਧ-ਪੱਤਰ ਜਾਰੀ ਕਰਕੇ ਜਲਦ ਸਮਾਜਿਕ ਸਿੱਖਿਆ ਦੇ ਵਿਸ਼ੇ ਨੂੰ ਸਾਮਲ ਕੀਤਾ ਜਾਵੇਗਾ। ਯੂਨੀਅਨ ਦੀ ਆਖਰੀ ਮੀਟਿੰਗ ਜੋ 30 ਦਸੰਬਰ ਨੂੰ ਹੋਈ ਇਸ ਮੀਟਿੰਗ ਦੌਰਾਨ ਵੀ ਮੰਤਰੀ ਨੇ ਭਰੋਸਾ ਦਿੱਤਾ ਕਿ ਜਲਦ ਸੋਧ ਪੱਤਰ ਜਾਰੀ ਕਰਕੇ ਪੇਪਰ ਲਿਆ ਜਾਵੇਗਾ, ਪਰ ਸਰਕਾਰ ਨੇ 31 ਦਸੰਬਰ ਨੂੰ ਬਿਨਾਂ ਸੋਧ ਪੱਤਰ ਜਾਰੀ ਕੀਤੇ ਲੈਕਚਰਾਰ ਦੇ ਪੇਪਰ ਦੀ ਤਾਰੀਖ 19 ਮਾਰਚ ਤੈਅ ਕਰ ਦਿੱਤੀ ਹੈ, ਜਿਸ ਕਰਕੇ ਵਿਦਿਆਰਥੀਆਂ ਵਿੱਚ ਭਾਰੀ ਰੋਸ ਹੈ। ਯੂਨੀਅਨ ਆਗੂ ਨੇ ਦੱਸਿਆ ਕਿ ਪਹਿਲਾਂ ਲੈਕਚਰਾਰ ਦੀਆਂ ਜਿੰਨੀਆਂ ਵੀ ਭਰਤੀਆਂ ਆਈਆਂ ਸਾਰੀਆਂ ਭਰਤੀਆਂ ਵਿੱਚ ਸਮਾਜਿਕ ਸਿੱਖਿਆ ਦੇ ਵਿਸੇ ਨੂੰ ਯੋਗ ਮੰਨਿਆ ਜਾਂਦਾ ਸੀ। ਅਗਸਤ 2021 ਵਿੱਚ 55 ਲੈਕਚਰਾਰਾ ਦੀ ਭਰਤੀ ਆਈ ਸੀ, ਜਿਸਦਾ ਪੇਪਰ ਅਜੇ ਬਾਕੀ ਹੈ, ਉਸ ਵਿੱਚ ਵੀ ਸਮਾਜਿਕ ਸਿੱਖਿਆ ਵਿਸ਼ੇ ਨੂੰ ਸ਼ਾਮਲ ਕੀਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਜੋ ਕਿ ਸਿੱਖਿਆ ਢਾਂਚੇ ਵਿੱਚ ਸੁਧਾਰਾਂ ਦੀਆਂ ਗੱਲਾਂ ਕਰਕੇ ਸੱਤਾ ਵਿੱਚ ਆਈ ਹੈ, ਉਸ ਦੁਆਰਾ ਲੈਕਚਰਾਰ ਦੀ ਭਰਤੀ ਵਿੱਚ ਸਮਾਜਿਕ ਸਿੱਖਿਆ ਦੇ ਵਿਸ਼ੇ ਨੂੰ ਬਾਹਰ ਰੱਖਕੇ ਬੇਰੁਜਗਾਰ ਅਧਿਆਪਕਾਂ ਨੂੰ ਰੁਜਗਾਰ ਤੋਂ ਵਾਂਝੇ ਕੀਤਾ ਜਾ ਰਿਹਾ ਹੈ। ਅਜਿਹਾ ਕਰਨ ਨਾਲ ਬਹੁਤ ਸਾਰੇ ਬੇਰੁਜਗਾਰ ਅਧਿਆਪਕਾਂ ਦੀਆਂ ਡਿਗਰੀਆਂ ਰੱਦੀ ਹੋ ਜਾਣਗੀਆਂ। ਜੇ ਜਲਦ ਪੇਪਰ ਤੋਂ ਪਹਿਲਾਂ ਸੋਧ-ਪੱਤਰ ਜਾਰੀ ਕਰਕੇ ਸਮਾਜਿਕ ਸਿੱਖਿਆ ਦੇ ਵਿਸ਼ੇ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਤਾਂ 14 ਜਨਵਰੀ ਨੂੰ ਯੂਨੀਅਨ ਵਲੋਂ ਸਿੱਖਿਆ ਮੰਤਰੀ ਦੀ ਕੋਠੀ ਅੱਗੇ ਸਖਤ ਐਕਸ਼ਨ ਕੀਤਾ ਜਾਵੇਗਾ।

ਨਸ਼ਾ ਸਪਲਾਈ ਕਰਨ ਵਾਲੀ ਔਰਤ ਤੇ ਮਰਦ ਗ੍ਰਿਫ਼ਤਾਰ

ਟਾਂਡਾ ਉੜਮੁੜ, (ਜਸਵਿੰਦਰ ਸੰਧੂ ,ਉਂਕਾਰ ਸਿੰਘ)- ਜ਼ਿਲ੍ਹਾ ਪੁਲਿਸ ਮੁਖੀ ਸਰਤਾਜ ਸਿੰਘ ਚਾਹਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਟਾਂਡਾ ਪੁਲਿਸ ਨੇ ਨਸ਼ਾ ਤਸਕਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਇਕ ਔਰਤ ਤੇ ਇਕ ਵਿਅਕਤੀ ਨੂੰ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਸਬ ਇੰਸਪੈਕਟਰ ਮਲਕੀਅਤ ਸਿੰਘ ਨੇ ਦੱਸਿਆ ਕਿ ਡੀ.ਐਸ.ਪੀ ਟਾਂਡਾ ਕੁਲਵੰਤ ਸਿੰਘ ਦੀ ਅਗਵਾਈ ਵਿੱਚ ਟਾਂਡਾ ਪੁਲਿਸ ਦੇ ਏ ਐੱਸ ਆਈ ਮਦਨ ਸਿੰਘ ਦੀ ਪੁਲਿਸ ਟੀਮ ਨੇ ਸ਼ਹੀਦ ਭਗਤ ਸਿੰਘ ਸਹੀਦ ਚੌਕ ਨਜਦੀਕ ਇਕ ਔਰਤ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਪੁੱਛਗਿੱਛ ਕੀਤੀ ਤੇ ਉਸ ਦੀ ਤਲਾਸ਼ੀ ਲਈ ਜਿਸ ਦੌਰਾਨ ਉਸ ਕੋਲੋਂ 408 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਕੀਤਾ। ਇਸੇ ਤਰ੍ਹਾਂ ਹੀ ਏ ਐਸ ਆਈ ਅਮਰਜੀਤ ਸਿੰਘ ਦੀ ਪੁਲਿਸ ਪਾਰਟੀ ਵੱਲੋਂ ਬੱਸ ਸਟੈਂਡ ਨਜਦੀਕ ਇਕ ਵਿਅਕਤੀ ਜਿਸਦੀ ਪਹਿਚਾਣ ਮਨਜਿੰਦਰ ਸਿੰਘ ਪੁੱਤਰ ਕਿਰਪਾਲ ਸਿੰਘ ਵਾਸੀ ਖਡਿਆਲਾ ਵਜੋਂ ਹੋਈ ਹੈ, ਉਸ ਕੋਲੋਂ 309 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਕਰ ਕੇ ਉਸ ਨੂੰ ਗ੍ਰਿਫ਼ਤਾਰ ਕੀਤਾ । ਥਾਣਾ ਮੁਖੀ ਮਲਕੀਤ ਸਿੰਘ ਨੇ ਦੱਸਿਆ ਕਿ ਉਕਤ ਦੋਸੀਆਂ ਖਿਲਾਫ ਐਨ.ਡੀ.ਪੀ.ਐੱਸ ਐਸ ਐਕਟ ਦੀ ਧਾਰਾ ਅਧੀਨ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਮਾਲ ਮੰਤਰੀ ਵੱਲੋਂ ਹੁਸ਼ਿਆਰਪੁਰ-

4 Jan-Page-9.qxd 1/3/2023 10:40 PM Page 1

40ਵਾਂ ਸੂਬਾਈ ਡੈਲੀਗੇਟ ਅਜਲਾਸ ਸਫਲਤਾ ਨਾਲ ਚੜ੍ਹਿਆ ਨੇਪਰੇ

ਜਲੰਧਰ: (ਕੇਸਰ)—ਟੈਕਨੀਕਲ ਸਰਵਿਸਜ਼ ਯੂਨੀਅਨ (ਰਜਿ.) ਦਾ 40ਵਾਂ ਸੂਬਾਈ ਡੈਲੀਗੇਟ ਅਜਲਾਸ ਇਥੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਸੂਬਾ ਪ੍ਰਧਾਨ ਸਾਥੀ ਭਰਪੂਰ ਸਿੰਘ ਮਾਂਗਟ ਦੀ ਪ੍ਰਧਾਨਗੀ ਹੇਠ ਸਫਲਤਾ ਨਾਲ ਨੇਪਰੇ ਚੜ੍ਹਿਆ। ਇਸ ਅਜਲਾਸ ਵਿਚ ਸਾਰੇ ਪੰਜਾਬ ਤੋਂ ਸੈਂਕੜਿਆਂ ਦੀ ਗਿਣਤੀ ਵਿਚ ਡੈਲੀਗੇਟਾਂ ਅਤੇ ਦਰਸ਼ਕਾਂ ਨੇ ਕੜਾਕੇ ਦੀ ਠੰਡ ਦੇ ਬਾਵਜੂਦ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ। ਡੈਲੀਗੇਟਾਂ ਨੇ ਜਨਰਲ ਸਕੱਤਰ ਸਾਥੀ ਪ੍ਰਮੋਦ ਕੁਮਾਰ ਵੱਲੋਂ ਪੇਸ਼ ਸੂਬਾ ਵਰਕਿੰਗ ਕਮੇਟੀ ਦੀ ਕਾਰਗੁਜਾਰੀ ਰਿਪੋਰਟ ਉਤੇ ਬਹਿਸ ਵਿਚ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਉਸਾਰੂ ਸੁਝਾਅ ਦਿੱਤੇ। ਬਹਿਸ ਦੌਰਾਨ ਜਥੇਬੰਦੀ ਦੇ ਇਸ ਸ਼ੈਸ਼ਨ ਲਈ ਅਹਿਮ ਤੇ ਉਭਰਵੇਂ ਕਾਰਜ ਤੈਅ ਕੀਤੇ ਗਏ ਅਤੇ ਇਹਨਾਂ ਕਾਰਜਾਂ ਨੂੰ ਨੇਪਰੇ ਚਾੜ੍ਹਣ ਲਈ ਨਵੀਂ ਸੂਬਾ ਕਮੇਟੀ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ। ਇਸ ਦੌਰਾਨ ਸਰਵ ਸਾਥੀ ਕ੍ਰਿਸ਼ਨ ਸਿੰਘ ਔਲਖ ਸੂਬਾ ਪ੍ਰਧਾਨ, ਜਗਤਾਰ ਸਿੰਘ ਖੁੰਡਾ ਸੀਨੀਅਰ ਮੀਤ ਪ੍ਰਧਾਨ, ਚੰਦਰ ਪ੍ਰਕਾਸ਼ ਮੀਤ ਪ੍ਰਧਾਨ, ਪ੍ਰਮੋਦ ਕੁਮਾਰ ਜਨਰਲ ਸਕੱਤਰ, ਜਸਵਿੰਦਰ ਸਿੰਘ ਖੰਨਾ ਸਹਾਇਕ ਸਕੱਤਰ, ਸ੍ਰੀ ਮਲਕੀਤ ਸਿੰਘ ਦਫਤਰੀ ਸਕੱਤਰ, ਸੰਤੋਖ ਸਿੰਘ ਖਜ਼ਾਨਚੀ ਅਤੇ ਭੁਪਿੰਦਰ ਸਿੰਘ ਚੀਫ ਆਰਗੇਨਾਈਜਰ ਚੁਣੇ ਗਏ। ਨਵੀਂ ਬਣੀ ਸੂਬਾ ਕਮੇਟੀ ਨੇ ਸੂਬਾ ਡੈਲੀਗੇਟ ਅਜਲਾਸ ਨੂੰ ਰਹਿ ਗਈਆਂ ਘਾਟਾਂ ਕਮਜੋਰੀਆਂ ਨੂੰ ਦੂਰ ਕਰਕੇ ਆਪਣੇ ਅਹੁਦੇ ਦੀ ਜ਼ਿੰਮੇਵਾਰੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣ ਦਾ ਯਕੀਨ ਦਵਾਇਆ। ਇਸ ਮੌਕੇ ਅਜਲਾਸ ਵਿਚ 7 ਮਤੇ ਪੇਸ਼ ਕੀਤੇ ਗਏ। ਜਿਨ੍ਹਾਂ ਨੂੰ ਹਾਜ਼ਰ ਇਕੱਠ ਨੇ ਨਾਅਰਿਆਂ ਦੀ ਗੂੰਜ ਨਾਲ ਪਾਸ ਕੀਤਾ। ਅਜਲਾਸ ਨੂੰ ਸੰਬੋਧਨ ਕਰਦਿਆਂ ਨਵੇਂ ਚੁਣੇ ਸੂਬਾ ਪ੍ਰਧਾਨ ਸਾਥੀ ਕ੍ਰਿਸ਼ਨ ਸਿੰਘ ਔਲਖ ਨੇ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਵਲੋਂ ਮੁਲਾਜਮਾਂ ਉਪਰ ਵਿੱਢੇ ਹਮਲਿਆਂ ਦਾ ਜਵਾਬ ਬਿਜਲੀ ਮੁਲਾਜਮਾਂ ਦੀ ਵਿਸ਼ਾਲ ਏਕਤਾ ਉਸਾਰ ਕੇ ਤਿੱਖੇ ਸੰਘਰਸ਼ਾਂ ਰਾਹੀਂ ਦਿੱਤਾ ਜਾਵੇਗਾ। ਠੇਕਾ ਕਾਮਿਆਂ ਅਤੇ ਨਿੱਜੀਕਰਨ ਦੀ ਮਾਰ ਝੱਲ ਰਹੇ ਕਿਸਾਨਾਂ ਮਜ਼ਦੂਰਾਂ ਅਤੇ ਹੋਰ ਮੇਹਨਤਕਸ਼ ਤਬਕਿਆਂ ਨਾਲ ਸੰਘਰਸ਼ ਸਾਂਝ ਦੀਆਂ ਤੰਦਾਂ ਹੋਰ ਮਜਬੂਤ ਕੀਤੀਆਂ ਜਾਣਗੀਆਂ।

ਇਸ ਮੌਕੇ ਜਥੇਬੰਦੀ ਦੀ ਸੂਬਾ ਕਮੇਟੀ ਤੋਂ ਰਿਟਾਇਰ ਹੋਏ ਪੰਜ ਆਗੂਆਂ ਸਰਵ ਸਾਥੀ ਸੁਖਵੰਤ ਸਿੰਘ ਸੇਖੋਂ, ਭਰਪੂਰ ਸਿੰਘ ਮਾਂਗਟ, ਰਛਪਾਲ ਸਿੰਘ ਡੇਮਰੂ, ਇਕਬਾਲ ਸਿੰਘ ਅਤੇ ਬਨਾਰਸੀ ਦਾਸ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਸਨਮਾਨ ਪੱਤਰ ਅਤੇ ਮੋਮੈਂਟੋ ਨਾਲ ਸਨਮਾਨ ਕੀਤਾ ਗਿਆ। ਰਿਟਾਇਰ ਹੋਏ ਸਾਥੀਆਂ ਨੇ ਯਕੀਨ ਦੁਆਇਆ ਕਿ ਭਾਵੇਂ ਉਹ ਜਥੇਬੰਦੀ ਦੇ ਅਹੁਦਿਆਂ ਤੋਂ ਰਿਟਾਇਰ ਹੋ ਗਏ ਹਨ ਪਰ ਜਥੇਬੰਦੀ ਦੀਆਂ ਸੇਵਾਵਾਂ ਲਈ ਸਦਾ ਤਤਪਰ ਰਹਿਣਗੇ।

ਐੱਨ ਡੀ ਪੀ ਐੱਸ ਐਕਟ ਤਹਿਤ ਲੋੜੀਂਦਾ ਕਾਬੂ

ਬਿਲਗਾ (ਵਿਜੇ ਕੁਮਾਰ)—ਬਿਲਗਾ ਪੁਲਸ ਨੇ ਐਨ ਡੀ ਪੀ ਐਸ ਐਕਟ ਦੇ ਮੁਕੱਦਮੇ ਵਿੱਚ ਲੋੜੀਂਦਾ ਇਕ ਨਸ਼ਾ ਤਸਕਰ ਗ੍ਰਿਫਤਾਰ ਕੀਤਾ ਹੈ। ਇਸ ਸਬੰਧ ਵਿੱਚ ਮੁੱਖ ਅਫਸਰ ਥਾਣਾ ਬਿਲਗਾ ਦੇ ਸਬ ਇੰਸਪੈਕਟਰ ਮਹਿੰਦਰ ਪਾਲ ਨੇ ਦੱਸਿਆ ਕਿ ਮੁਕੱਦਮਾ ਨੰਬਰ 143 ਮਿਤੀ 17-12-2022 ਐਨ ਡੀ ਪੀ ਐਸ ਐਕਟ ਥਾਣਾ ਬਿਲਗਾ ਵਿਚ ਫੜੇ ਗਏ ਨਿਰਮਲ ਸਿੰਘ ਉਰਫ ਨਿੰਮਾ ਪੁੱਤਰ ਮਨਜੀਤ ਸਿੰਘ ਵਾਸੀ ਬੁਰਜ ਹਸਨ ਥਾਣਾ ਬਿਲਗਾ ਜ਼ਿਲ੍ਹਾ ਜਲੰਧਰ ਨੂੰ ਕਾਬੂ ਕੀਤਾ ਗਿਆ ਸੀ ਤੇ ਉਸ ਪਾਸੋਂ 05 ਗ੍ਰਾਮ ਹੈਰੋਇਨ ਸਮੇਤ 108 ਪਬੰਦੀ ਸੁਦਾ ਗੋਲੀਆਂ ਬਰਾਮਦ ਕਿਤੀਆਂ ਗਈਆਂ ਸੀ। ਪੁੱਛ ਗਿੱਛ ਦੌਰਾਨ ਨਿਰਮਲ ਸਿੰਘ ਉਰਫ ਨਿੰਮਾ ਨੇ ਦੱਸਿਆ ਕਿ ਉਸ ਨੇ ਇਹ ਹੈਰੋਇਨ ਅਤੇ ਨਸ਼ੀਲੀਆਂ ਗੋਲੀਆਂ ਬਖਸ਼ੀਸ਼ ਸਿੰਘ ਉਰਫ ਸ਼ੀਸ਼ਾ ਵਾਸੀ ਬੁਰਜ ਹਸਨ ਪਾਸੋਂ ਲੈ ਕੇ ਆਇਆ ਹੈ ਜਿਸ 'ਤੇ ਮੁਕੱਦਮਾ ਉਕਤ ਵਿਚ ਸ਼ੀਸ਼ਾ ਉਕਤ ਨੂੰ ਧਾਰਾ 29 ਐਨ ਡੀ ਪੀ ਐਸ ਐਕਟ ਤਹਿਤ ਨਾਮਜਦ ਕੀਤਾ ਗਿਆ। ਜਿਸ 'ਤੇ 2-1-2023 ਨੂੰ ਏ ਐਸ ਆਈ ਅਨਵਰ ਮਸੀਹ ਦੁਆਰਾ ਬਖਸ਼ੀਸ਼ ਸਿੰਘ ਨੂੰ ਹਸਬ ਜਾਬਤਾ ਗ੍ਰਿਫਤਾਰ ਕੀਤਾ ਗਿਆ।

ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਸੰਬੰਧੀ 25ਵਾਂ ਨਗਰ ਕੀਰਤਨ 4 ਫਰਵਰੀ ਤੋਂ

ਭੋਗਪੁਰ:- (ਗੁਰਪ੍ਰੀਤ ਸਿੰਘ ਭੋਗਲ) ਸ੍ਰੀ ਗੁਰੂ ਰਵਿਦਾਸ ਨਗਰ ਕੀਰਤਨ ਸਭਾ ਬਲਾਕ ਭੋਗਪੁਰ ਦੀ ਇਕ ਅਹਿਮ ਮੀਟਿੰਗ ਸ੍ਰੀ ਗੁਰੂ ਰਵਿਦਾਸ ਭਵਨ ਨਵੀਂ ਆਬਾਦੀ ਭੋਗਪੁਰ ਵਿਖੇ ਹੋਈ, ਜਿਸ ਵਿੱਚ ਵੱਖ-ਵੱਖ ਪਿੰਡਾਂ ਦੀਆਂ ਸ੍ਰੀ ਗੁਰੂ ਰਵਿਦਾਸ ਕਮੇਟੀਆਂ ਨੇ ਭਾਗ ਲਿਆ। ਸਭਾ ਵੱਲੋਂ ਮਤਾ ਪਾਸ ਕੀਤਾ ਗਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ 646 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਭੋਗਪੁਰ ਦਾ 25ਵਾਂ ਬਲਾਕ ਪੱਧਰੀ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜੂਰੀ ਵਿਚ ਪਿੰਡ ਮੋਗਾ ਤੋਂ ਮਿਤੀ 04-02-2023 ਨੂੰ ਅਰੰਭ ਹੋਵੇਗਾ। ਇਹ ਨਗਰ ਕੀਰਤਨ ਪਿੰਡ ਮੋਗਾ ਦੀ ਪ੍ਰਕਰਮਾ ਕਰਦਾ ਮੁਹੱਲਾ ਪੁਰਾਣੀ ਆਬਾਦੀ ਭੋਗਪੁਰ, ਮੁਹੱਲਾ ਨਵੀਂ ਆਬਾਦੀ ਭੋਗਪੁਰ, ਪਿੰਡ ਡੱਲੀ, ਸੱਧਾ ਚੱਕ, ਘੋੜਾਵਾਹੀ, ਕਿੰਗਰਾ, ਲੁਹਾਰਾਂ, ਚੱਕ-ਝੰਡੂ, ਲਾਹਦੜਾ, ਨੰਗਲ ਅਰਾਈਆਂ, ਬਿਨਪਾਲਕੇ, ਮੁਹੱਲਾ ਸ੍ਰੀ ਗੁਰੂ ਰਵਿਦਾਸ ਨਗਰ ਭੋਗਪੁਰ ਤੋਂ ਹੋ ਕੇ ਵਾਪਸ ਪਿੰਡ ਮੋਗਾ ਵਿਖੇ ਸੰਪਨ ਹੋਵੇਗਾ। ਨਗਰ ਕੀਰਤਨ ਦੀਆਂ ਸੰਗਤਾਂ ਵਾਸਤੇ ਗੁਰੂ ਕੇ ਲੰਗਰਾਂ ਦੀ ਵਿਸੇਸ ਸੇਵਾ ਪਿੰਡ ਡੱਲੀ ਦੀਆਂ ਸੰਗਤਾਂ ਨੇ ਪ੍ਰਾਪਤ ਕੀਤੀ। ਇਸ ਮੀਟਿੰਗ ਵਿਚ ਸਰਵਸ੍ਰੀ ਤਾਰੀ ਲਾਲ ਮੋਗਾ, ਰਾਕੇਸ਼ ਬੱਗਾ, ਇੰਦਰਜੀਤ ਸਿੰਘ, ਮੋਹਨ ਲਾਲ, ਪਰਮਜੀਤ ਸਿੰਘ, ਜਗਦੀਸ਼ ਲਾਲ, ਵਿਪਨ ਕੁਮਾਰ, ਚਰਨਪ੍ਰੀਤ ਚੰਨੀ, ਚਰਨਜੀਤ ਸਿੰਘ ਬਿਨਪਾਲਕੇ, ਰਾਮ ਲਾਲ, ਰਘੁਬੀਰ ਸਿੰਘ, ਕਮਲਜੀਤ ਸਿੰਘ, ਹਰਜੀਤ ਸਿੰਘ, ਕੁਲਵਿੰਦਰ ਕੁਮਾਰ, ਪਵਨ ਰਿੰਕੂ, ਮਨਜੀਤ ਰੱਤੂ, ਜਰਨੈਲ ਰੱਤੂ, ਕੁਲਵੰਤ ਸਿੰਘ, ਸੋਮ ਪ੍ਰਕਾਸ਼ ਗੋਰੀ, ਹੇਸ਼ਾ, ਦੀਪਾ, ਜਗਦੀਸ਼ ਲਾਲ, ਵਿਪਨ ਕੁਮਾਰ, ਕਮਲਜੀਤ ਕੌਰ, ਦਲਜੀਤ ਕੌਰ, ਸੁਖਵਿੰਦਰ ਕੌਰ, ਨਸੀਬ ਕੌਰ, ਅੰਸ਼ੂ ਕੁਮਾਰੀ, ਨਵੀਨ ਕੁਮਾਰ, ਚੰਦਰ ਦੇਵ, ਮਨਪ੍ਰੀਤ ਸਿੰਘ, ਰਵੀ ਕੁਮਾਰ, ਅਮਰਜੀਤ, ਕੁਲਵਿੰਦਰ ਸਿੰਘ, ਕੁਲਵਿੰਦਰ ਲਾਲ, ਸਾਹਿਲ, ਦੀਪਾ, ਮੁਕੇਸ਼ ਕੁਮਾਰ ਅਤੇ ਹੋਰ ਮੈਂਬਰਾਂ ਨੇ ਭਾਗ ਲਿਆ।

24 ਸਾਲ ਦੀਆਂ ਸੇਵਾਵਾਂ ਉਪਰੰਤ ਸੇਵਾ ਮੁਕਤ ਹੋਏ ਬਲਵਿੰਦਰ ਕੌਰ

ਜਲੰਧਰ : (ਸੈਲੀ ਐਲਬਰਟ, ਸੁਰਿੰਦਰ ਕੁਮਾਰ)-ਲੋਕ ਸੰਪਰਕ ਵਿਭਾਗ ਦੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਦੇ ਸਟਾਫ਼ ਮੈਂਬਰ ਸ੍ਰੀਮਤੀ ਬਲਵਿੰਦਰ ਕੌਰ 24 ਸਾਲਾਂ ਦੀਆਂ ਸ਼ਾਨਦਾਰ ਸੇਵਾਵਾਂ ਨਿਭਾਉਣ ਉਪਰੰਤ ਸੇਵਾ ਮੁਕਤ ਹੋ ਗਏ ਜਿਨ੍ਹਾਂ ਨੂੰ ਨਿੱਘੀ ਵਿਦਾਇਗੀ ਦਿੱਤੀ ਗਈ। ਸਮੂਹ ਸਟਾਫ਼ ਵਲੋਂ ਸ੍ਰੀਮਤੀ ਬਲਵਿੰਦਰ ਕੌਰ ਅਤੇ ਉਨ੍ਹਾਂ ਦੇ ਪਰਵਾਰਿਕ ਮੈਂਬਰਾਂ ਦਾ ਸਵਾਗਤ ਕੀਤਾ ਗਿਆ। ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਕਮਲ ਪਾਲ, ਸਹਾਇਕ ਲੋਕ ਸੰਪਰਕ ਅਧਿਕਾਰੀ ਸੰਗੀਤਾ ਭਾਮਰਾ ਅਤੇ ਸਮੂਹ ਸਟਾਫ਼ ਨੇ ਸ੍ਰੀਮਤੀ ਬਲਵਿੰਦਰ ਕੌਰ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੀ ਡਿਊਟੀ ਪੂਰੀ ਮਿਹਨਤ, ਲਗਨ ਅਤੇ ਸਮਰਪਣ ਭਾਵਨਾ ਨਾਲ ਨਿਭਾਈ ਹੈ। ਸ੍ਰੀਮਤੀ ਬਲਵਿੰਦਰ ਕੌਰ ਨੇ ਵੀ ਵਿਭਾਗ ਦੇ ਅਧਿਕਾਰੀਆਂ ਅਤੇ ਸਟਾਫ਼ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸ੍ਰੀਮਤੀ ਬਲਵਿੰਦਰ ਕੌਰ ਦੇ ਪਰਵਾਰਕ ਮੈਂਬਰਾਂ ਤੋਂ ਇਲਾਵਾ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਦੇ ਸਟਾਫ਼ ਮੈਂਬਰ ਹਰਮਨਦੀਪ ਸੇਖੜੀ, ਸੁਰਜੀਤ ਸਿੰਘ, ਗੁਰਵਿੰਦਰਜੀਤ ਸਿੰਘ, ਆਸ਼ਾ ਕੁਮਾਰੀ, ਸੰਤੋਸ਼, ਸ਼ਕੀਲ ਅਹਿਮਦ, ਪ੍ਰਿਆ ਵੈਦ, ਪਰਮਜੀਤ ਸਿੰਘ, ਸੰਤੋਸ਼ ਕੁਮਾਰੀ, ਸੰਜੇ ਕੁਮਾਰ ਆਦਿ ਮੌਜੂਦ ਸਨ।

ਇਲਾਕਾ ਨਿਵਾਸੀਆਂ ਨੇ ਨਵੇਂ ਸਾਲ ਦੇ ਜਸ਼ਨਾਂ 'ਚ ਸ਼ਾਮਲ ਹੋਣ ਤੋਂ ਕੀਤਾ ਗੁਰੇਜ਼

ਗੁਰਾਇਆ (ਬਿੰਦਰ ਸੁਮਨ)—ਗੁਰਾਇਆ ਇਲਾਕੇ 'ਚ ਲਗਾਤਾਰ ਵੱਧ ਰਹੀਆਂ ਲੁੱਟ ਖੋਹਾਂ ਦੀਆਂ ਵਾਰਦਾਤਾਂ ਨੇ ਵਾਸੀਆਂ 'ਚ ਦਹਿਸ਼ਤ ਦੇ ਮਾਹੌਲ ਬਣਾ ਰੱਖਿਆ ਹੈ। ਇਸ ਦੌਰਾਨ ਇਲਾਕਾ ਨਿਵਾਸੀਆਂ ਨੇ ਨਵੇਂ ਸਾਲ ਦੇ ਜਸ਼ਨਾਂ 'ਚ ਸ਼ਾਮਲ ਹੋਣ ਤੋਂ ਗੁਰੇਜ਼ ਕੀਤਾ। ਉੱਚ ਅਧਿਕਾਰੀ ਡੀ.ਜੀ.ਪੀ ਪੰਜਾਬ ਵਲੋਂ ਪਿਛਲੇ ਕੁਝ ਦਿਨ ਤੋਂ ਨਵੇਂ ਸਾਲ ਦੀ ਆਮਦ ਨੂੰ ਦੇਖਦੇ ਹੋਏ ਸੁਰੱਖਿਆ ਦੇ ਸਖਤ ਪ੍ਰਬੰਧ ਕਰਨ ਦੇ ਬਾਵਜੂਦ ਪਿਛਲੇ ਦਿਨੀਂ ਤੱਖਰਾਂ ਵਾਸੀਆਂ ਤੋਂ ਦਾਤਰ ਦੀ ਨੋਕਰ 'ਤੇ 13000 ਰੁਪਏ ਮੁਬਾਇਲ ਖੋਹਣ ਵਾਲਿਆਂ ਦਾ ਅਜੇ ਕੋਈ ਸੁਰਾਗ ਨਹੀਂ ਸੀ ਮਿਲਿਆ ਤਾਂ ਦਾਤਰਾਂ ਨਾਲ ਲੈੱਸ ਮੋਟਰਸਾਇਕਲ ਸਵਾਰਾਂ ਨੇ 29 ਤਰੀਕ ਨੂੰ ਮਾਮੂਲੀ ਤਕਰਾਰ ਨੂੰ ਲੈ ਕੇ ਸ਼ਰੇਆਮ ਦਿਨ ਦਿਹਾੜੇ ਕੰਦੋਲਾ ਨਿਵਾਸੀ ਸਕਾਰਪੀਓ ਸਵਾਰ ਤਿੰਨ ਨੌਜਵਾਨਾਂ ਨੂੰ ਜ਼ਖਮੀ ਕਰ ਦਿੱਤਾ। ਇਨਾਂ ਹਮਲਾਵਰਾਂ ਦੀਆਂ ਸੀ.ਸੀਟੀਜ਼ ਫੁਟੇਜ਼ ਮਿਲਣ ਉਪਰੰਤ ਵੀ ਪੁਲਸ ਇਨਾਂ ਨੂੰ ਫੜਨ 'ਚ ਅਸਫ਼ਲ ਰਹੀ ਹੈ। ਕੇਸ ਦੀ ਪੜਤਾਲ ਕਰ ਰਹੇ ਏ.ਐਸ.ਆਈ. ਲਵਿੰਦਰ ਸਿੰਘ ਨੇ ਦੱਸਿਆ ਕਿ ਅਜੇ ਤੱਕ ਕੁਝ ਪਤਾ ਨਹੀਂ ਲੱਗਾ ਹੈ ਅਤੇ ਉਹ ਜਲਦੀ ਹੀ ਮੁਲਜ਼ਮਾਂ ਤੱਕ ਪਹੁੰਚ ਜਾਣਗੇ। ਸੋ ਲੋਕਾਂ ਨੇ ਨਵੇਂ ਸਾਲ ਦੌਰਾਨ ਘਰ 'ਚ ਰਹਿਣਾ ਹੀ ਮੁਨਾਸਬ ਸਮਝਿਆ। ਇਸ ਸਬੰਧੀ ਜਮੂਹਰੀ ਕਿਸਾਨ ਸਭਾ ਦੇ ਜ਼ਿਲ੍ਹਾ ਸਕੱਤਰ ਸੰਤੋਖ ਸਿੰਘ ਬਿਲਗਾ ਨੇ ਕਿਹਾ ਕਿ ਲੁੱਟ ਖੋਹ ਦੀਆਂ ਵਾਰਦਤਾਂ, ਨਸ਼ੇ ਦਾ ਵਧਣਾ ਸਮਾਜ ਲਈ ਖਤਰਨਾਕ ਹੈ। ਪ੍ਰਸ਼ਾਸਨ ਨੂੰ ਕੁੰਭਕਰਨੀ ਨੀਂਦ ਤੋਂ ਜਗਾਉਣ ਲਈ ਜਨਤਕ ਜਥੇਬੰਦੀਆਂ ਵਲੋਂ ਵੱਡੇ ਪੱਧਰ 'ਤੇ ਡੀ.ਐਸ.ਪੀ. ਦਫ਼ਤਰ ਫਿਲੌਰ ਦਾ ਘਿਰਾਓ 16 ਜਨਵਰੀ ਨੂੰ ਕੀਤਾ ਜਾਵੇਗਾ।

ਪੰਜਾਬੀ ਨੂੰ ਪਹਿਲ ਦੇਣਾ ਸ਼ਲਾਘਾਯੋਗ ਕਦਮ-ਸੈਣੀ

ਫਿਲੌਰ (ਨਿਰਮਲ)-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਵਰਿੰਦਰ ਸਿੰਘ ਸੈਣੀ ਨੇ ਕਿਹਾ ਕਿ ਬੀਤੇ ਦਿਨ ਕੈਬਿਨਟ ਮੰਤਰੀ ਮੀਤ ਹੇਅਰ ਵੱਲੋਂ ਪੰਜਾਬੀ ਨੂੰ ਪਹਿਲ ਦੇਣ ਦੇ ਮੰਤਵ ਨਾਲ ਪ੍ਰਾਈਵੇਟ ਦੁਕਾਨਾਂ 'ਤੇ ਦੁਕਾਨਾਂ ਦਾ ਨਾਂਅ ਪੰਜਾਬੀ 'ਚ ਲਿੱਖਣ ਲਈ ਜੋ ਆਦੇਸ਼ ਦਿੱਤੇ ਗਏ ਹਨ ਇਹ ਇੱਕ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਪੰਜਾਬੀ ਭਾਸ਼ਾ ਲਾਗੂ ਕਰਨ ਲਈ ਇਸ ਤਰ੍ਹਾਂ ਦੇ ਸਖਤ ਕਦਮ ਨਹੀਂ ਉਠਾਏ ਜਾਂਦੇ ਉਨ੍ਹਾਂ ਚਿਰ ਪੰਜਾਬੀ ਨੂੰ ਲੋਕ ਪਹਿਲ ਨਹੀਂ ਦੇਣਗੇ। ਇਸ ਮੌਕੇ ਉਨ੍ਹਾਂ ਸਮੂਹ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਪੰਜਾਬੀ ਨੂੰ ਪਹਿਲ ਦੇ ਆਧਾਰ 'ਤੇ ਆਪਣੇ ਹਰ ਇੱਕ ਕੰਮ ਵਿੱਚ ਵਰਤੋਂ ਕਰੋ।

ਡੀ ਟੀ ਐੱਫ ਨੇ ਸਵਿੱਤਰੀ ਬਾਈ ਫੂਲੇ ਦਾ ਜਨਮ ਦਿਨ ਵਿਚਾਰ-ਗੋਸ਼ਟੀ ਕਰਕੇ ਮਨਾਇਆ

ਮਹਿਲਪੁਰ, (ਸਫਰੀ)-ਡੈਮੋਕਰੈਟਿਕ ਟੀਚਰਜ ਫਰੰਟ ਇਕਾਈ ਗੜਸ਼ੰਕਰ ਵਲੋਂ ਦੇਸ਼ ਦੀ ਪਹਿਲੀ ਮਹਿਲਾ ਅਧਿਆਪਕਾ ਬੀਬੀ ਸਵਿੱਤਰੀ ਬਾਈ ਫੂਲੇ ਦਾ ਜਨਮ ਦਿਨ "ਜਨਤਕ ਸਿੱਖਿਆ ਅਤੇ ਚੁਣੌਤੀਆਂ" ਵਿਸ਼ੇ 'ਤੇ ਵਿਚਾਰ ਗੋਸ਼ਠੀ ਕਰਕੇ ਮਨਾਇਆ, ਜਿਸ ਦੀ ਪ੍ਰਧਾਨਗੀ ਡੀ ਟੀ ਐੱਫ ਦੇ ਸੂਬਾ ਜਨਰਲ ਸਤੱਕਰ ਮੁਕੇਸ਼ ਕੁਮਾਰ,ਮੈਡਮ ਇੰਦਰਜੀਤ ਕੌਰ ਅਤੇ ਮੈਡਮ ਖੁਸ਼ਵਿੰਦਰ ਕੌਰ ਨੇ ਕੀਤੀ। ਇਸ ਸਮੇਂ ਮੁੱਖ ਬੁਲਾਰਿਆ ਸੇਵਾਮੁਕਤ ਪ੍ਰਿੰਸੀਪਲ ਡਾ. ਬਿੱਕਰ ਸਿੰਘ ਅਤੇ ਬਲਵੀਰ ਸਿੰਘ ਖਾਨਪੁਰੀ ਸੇਵਾਮੁਕਤ ਬੀ ਪੀ ਈ ਓ.ਨੇ ਸਵਿੱਤਰੀ ਬਾਈ ਫੂਲੇ ਦੇ ਜੀਵਨ ਸੰਬੰਧੀ ਵਿਸਥਾਰ ਨਾਲ ਚਰਚਾ ਕਰਦਿਆਂ ਕਿਹਾ ਕਿ ਜੋਤੀਬਾਈ ਫੂਲੇ,ਬੀਬੀ ਸਵਿੱਤਰੀ ਬਾਈ ਫੂਲੇ ਅਤੇ ਬੀਬੀ ਫਾਤਮਾ ਸ਼ੇਖ ਵਰਗੀਆਂ ਸ਼ਖਸ਼ੀਅਤਾ ਦੇ ਨਾਭੁੱਲਣਯੋਗ ਯਤਨਾ ਸਦਕੇ ਹਾਸ਼ੀਏ ਅਤੇ ਹਜਾਰਾ ਸਾਲਾ ਤੋ ਦੱਬੇ ਕੁਚਲੇ ਸਮਾਜ ਖਾਸ ਕਰ ਔਰਤ ਵਰਗ ਨੂੰ ਸਿੱਖਿਆ ਕਰਨ ਦਾ ਅਧਿਕਾਰ ਮਿਲਿਆ ਹੈ। ਇਹਨਾ ਮਹਾਂਪੁਰਸ਼ਾਂ ਨੇ ਹੀ ਮਨੁੱਖੀ ਜੀਵਨ ਜੀਉਣ ਲਾਇਕ ਬਣਾਇਆ ਹੈ। ਇਸ ਸਮੇਂ ਡੀ ਟੀ ਐੱਫ ਦੇ ਆਗੂ ਮਾ ਮੁਕੇਸ਼ ਕੁਮਾਰ,ਅਤੇ ਖੁਸ਼ਵਿੰਦਰ ਕੌਰ ਨੇ ਕਿਹਾ ਕਿ ਇਹਨਾਂ ਦੇ ਜੀਵਨ ਤੋ ਪ੍ਰੇਰਨਾ ਲੈਂਦਿਆਂ ਹੋਇਆ ਸਮਤਾ, ਬਰਾਬਰਤਾ ਤੇ ਲੁੱਟ ਰਹਿਤ ਸਮਾਜ ਸਿਰਜਣ ਲਈ ਲਗਾਤਾਰ ਸ਼ੰਘਰਸ਼ ਕਰਨ ਵੱਲ ਵਧਣਾ ਚਾਹੀਦਾ ਹੈ। ਇਸ ਸਮੇ ਡੀ ਟੀ ਐੱਫ ਆਗੂ ਸੱਤਪਾਲ ਕਲੇਰ, ਮਨਜੀਤ ਬੰਗਾ, ਜਰਨੈਲ ਸਿੰਘ, ਵਿਨੇ ਕੁਮਾਰ,ਪ੍ਰਿਅੰਕਾ ਭਾਟੀਆ ,ਸੰਜੀਵ ਕੁਮਾਰ ਪੀ ਟੀ ਆਈ.ਨਰਿੰਦਰ ਕੁਮਾਰ, ਕਿਸਾਨ ਆਗੂ ਹਰਮੇਸ਼ ਢੇਸੀ,ਕੁਲਵਿੰਦਰ ਚਾਹਲ, ਪੈਨਸ਼ਨਰ ਆਗੂ ਹੰਸ ਰਾਜ,ਹਰਦੇਵ ਰਾਏ ਸੇਵਾਮੁਕਤ ਚੀਫ ਮੈਨੇਜਰ ਅਤੇ ਗੁਰਮੇਲ ਸਿੰਘ ਨੇ ਵੀ ਵਿਚਾਰ ਚਰਚਾ ਵਿੱਚ ਭਾਗ ਲਿਆ। ਅੰਤ ਵਿੱਚ ਅਧ

4-JAN-PAGE-1.qxd 1/3/2023 10:21 PM Page 2

ਅਮਨ ਅਰੋੜਾ ਵੱਲੋਂ 70 ਕਰੋੜ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਨਾਲ ਨਵੇਂ ਵਰ੍ਹੇ ਦੀ ਸ਼ੁਰੂਆਤ

ਸੁਨਾਮ (ਜਗਦੀਸ਼ ਅਰੋੜਾ)-ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਨਵੇਂ ਵਰ੍ਹੇ ਮੌਕੇ ਸੁਨਾਮ ਵਾਸੀਆਂ ਦੀ ਸੇਵਾ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ 70 ਕਰੋੜ ਰੁਪਏ ਤੋਂ ਵੱਧ ਰਾਸ਼ੀ ਨਾਲ ਮੁਕੰਮਲ ਹੋਣ ਵਾਲੇ ਵੱਖ-ਵੱਖ ਮਹੱਤਵਪੂਰਨ ਵਿਕਾਸ ਕਾਰਜਾਂ ਦੀ ਸ਼ਾਨਦਾਰ ਸ਼ੁਰੂਆਤ ਕਰਦਿਆਂ ਹਲਕਾ ਵਾਸੀਆਂ ਨੂੰ ਸ਼ਾਨਦਾਰ ਤੋਹਫਾ ਦਿੱਤਾ।

ਸ਼ਹਿਰ ਦੀ ਪੁਰਾਣੀ ਸਬਜ਼ੀ ਮੰਡੀ ਵਿਖੇ ਲਗਭਗ ਇੱਕ ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸਟ੍ਰੀਟ ਵੈਂਡਿੰਗ ਜ਼ੋਨ ਦਾ ਨੀਂਹ ਪੱਥਰ ਰੱਖਦਿਆਂ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਸ਼ਹਿਰ ਵਿੱਚ ਸਬਜ਼ੀ ਅਤੇ ਫ਼ਲ ਵਿਕਰੇਤਾਵਾਂ ਲਈ ਇਹ ਮਾਰਕੀਟ ਆਉਣ ਵਾਲੇ ਸਮੇਂ ਵਿੱਚ ਵਰਦਾਨ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਨਾਲ ਸ਼ਹਿਰ ਵਿੱਚ ਆਵਾਜਾਈ ਵਿਵਸਥਾ ਵੀ ਸੁਚਾਰੂ ਹੋਵੇਗੀ ਤੇ ਲੋਕਾਂ ਲਈ ਵੀ ਇੱਕੋ ਪਲੇਟਫਾਰਮ ਤੋਂ ਲੋੜ ਅਨੁਸਾਰ ਖਰੀਦਦਾਰੀ ਕਰਨਾ ਸੌਖਾ ਹ�ो ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਪ੍ਰੋਜੈਕਟ ਤਿੰਨ ਮਹੀਨਿਆਂ ਅੰਦਰ ਮੁਕੰਮਲ ਕਰਨ ਦੀ ਹਦਾਇਤ ਕੀਤੀ ਗਈ ਹੈ ਤਾਂ ਜੁ ਰੇਹੜੀਆਂ ਵਾਲਿਆਂ ਨੂੰ ਰਾਹਤ ਮਿਲ ਸਕੇ। ਇਸ ਉਪਰੰਤ ਕੈਬਨਿਟ ਮੰਤਰੀ ਵੱਲੋਂ ਰੇਜ ਗਾਰਡਨ ਵਿਖੇ ਲਗਭਗ 61 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਕੁਦਰਤੀ ਪਾਰਕ ਦਾ ਨੀਂਹ ਪੱਥਰ ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਵਾਤਾਵਰਣ ਨੂੰ ਸ਼ੁੱਧ ਬਣਾਉਣ ਲਈ ਵਿਅਕਤੀਗਤ ਤੇ ਸਮੂਹਿਕ ਪੱਧਰ ਉੱਤੇ ਸਾਰਥਕ ਯਤਨਾਂ ਦੀ ਲੋੜ ਹੈ ਤੇ ਸ਼ਹਿਰ ਵਿੱਚ ਨੇਚਰ ਪਾਰਕ ਬਣਨ ਨਾਲ ਹਰ ਉਮਰ ਵਰਗ ਦੇ ਨਾਗਰਿਕ ਕੁਦਰਤ ਨਾਲ ਨੇੜਿਓਂ ਸਾਂਝ ਪਾਉਣ ਦੇ ਸਮਰੱਥ ਬਣਨਗੇ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਵੱਲੋਂ ਸੁਨਾਮ ਵਾਸੀਆਂ ਨੂੰ ਤੋਹਫੇ ਵਜੋਂ 68 ਕਰੋੜ ਰੁਪਏ ਦਾ ਫੰਡ ਦਿੱਤਾ ਹੈ, ਜਿਸ ਨਾਲ 400 ਕਿਲੋਮੀਟਰ ਲੰਬੀ ਅੰਡਰ ਗਰਾਊਂਡ ਪਾਈਪ ਲਾਈਨ ਵਿਛਾ ਕੇ 47 ਪਿੰਡਾਂ ਦੀ ਲਗਭਗ 63000 ਏਕੜ ਜਮੀਨ ਨੂੰ ਨਹਿਰੀ ਪਾਣੀ ਲੱਗ ਸਕੇਗਾ। ਉਨ੍ਹਾਂ ਦੱਸਿਆ ਕਿ ਇਸ ਵਿੱਚੋਂ ਮਹਿਜ਼ 10 ਫ਼ੀਸਦੀ ਰਾਸ਼ੀ ਕਿਸਾਨਾਂ ਵੱਲੋਂ ਪਾਈ ਜਾਵੇਗੀ, ਜਦਕਿ 90 ਫ਼ੀਸਦੀ ਹਿੱਸਾ ਸਰਕਾਰ ਵੱਲੋਂ ਪਾਇਆ ਜਾਵੇਗਾ। ਇਸੇ ਦੌਰਾਨ ਸ੍ਰੀ ਅਰੋੜਾ ਨੇ ਸ਼ਹੀਦ ਊਧਮ ਸਿੰਘ ਸਟੇਡੀਅਮ ਵਿੱਚ ਕਰੀਬ 36 ਲੱਖ ਦੀ ਲਾਗਤ ਵਾਲੇ ਨਵੇਂ ਟਿਊਬਵੈਲ ਦਾ ਉਦਘਾਟਨ ਕਰਦਿਆਂ ਲੋਕਾਂ ਨੂੰ ਨਵੇਂ ਸਾਲ ਮੌਕੇ ਪੀਣ ਵਾਲੇ ਸਾਫ ਪਾਣੀ ਦੀ ਸੌਗਾਤ ਦਿੱਤੀ। ਉਨ੍ਹਾਂ ਕਿਹਾ ਕਿ ਇਹ ਪੰਜਾਬ ਵਾਸੀਆਂ ਦਾ ਦੁਖਾਂਤ ਰਿਹਾ ਹੈ ਕਿ ਪਿਛਲੀਆਂ ਸਰਕਾਰਾਂ ਨੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਤੋਂ ਵੀ ਵਾਂਝਾ ਰੱਖਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਸਰਵੋਤਮ ਸਹੂਲਤਾਂ ਦੇਣ ਲਈ ਵਚਨਬੱਧ ਹੈ ਅਤੇ ਲੋਕਾਂ ਨਾਲ ਕੀਤੇ ਗਏ ਹਰ ਵਾਅਦੇ ਨੂੰ ਤਰਜ਼ੀਹੀ ਆਧਾਰ 'ਤੇ ਪੂਰਾ ਕੀਤਾ ਜਾਵੇਗਾ।ਸ੍ਰੀ ਅਮਨ ਅਰੋੜਾ ਨੇ ਲੌਂਗੋਵਾਲ ਵਿਖੇ ਸਵੱਛ ਭਾਰਤ ਮਿਸ਼ਨ ਤਹਿਤ ਨਗਰ ਪੰਚਾਇਤ ਦੇ ਅਧਿਕਾਰੀਆਂ ਨੂੰ ਅਤਿ ਆਧੁਨਿਕ ਮਸ਼ੀਨਰੀ ਖਰੀਦਣ ਲਈ ਸਰਕਾਰ ਵੱਲੋਂ ਜਾਰੀ 15.66 ਲੱਖ ਰੁਪਏ ਦੀ ਰਾਸ਼ੀ ਦਾ ਪ੍ਰਵਾਨਗੀ ਪੱਤਰ ਸੌਂਪਿਆ ਤਾਂ ਜੁ ਆਉਣ ਵਾਲੇ ਸਮੇਂ ਵਿੱਚ ਸਾਫ਼ ਸਫ਼ਾਈ ਵਿਵਸਥਾ ਨੂੰ ਵਧੇਰੇ ਸੁਚਾਰੂ ਬਣਾਇਆ ਜਾ ਸਕੇ। ਸ੍ਰੀ ਅਰੋੜਾ ਵੱਲੋਂ ਪਿੰਡ ਸਾਹੋਕੇ ਵਿਖੇ 9.65 ਲੱਖ ਰੁਪਏ ਨਾਲ ਬਣਨ ਵਾਲੀ ਨਵੀਂ ਬਣਨ ਵਾਲੀ ਲਾਇਬ੍ਰੇਰੀ ਦਾ ਨੀਂਹ ਪੱਥਰ ਵੀ ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਨਾਗਰਿਕ ਨੂੰ ਪੁਸਤਕ ਸੱਭਿਆਚਾਰ ਨਾਲ ਜੋੜਨ ਲਈ ਸਰਗਰਮ ਹੈ ਅਤੇ ਛੇਤੀ ਹੀ ਇਸਦੇ ਸਾਰਥਕ ਨਤੀਜੇ ਸਾਹਮਣੇ ਆਉਣਗੇ। ਇਸ ਮੌਕੇ ਡਿਪਟੀ ਕਮਿਸਨਰ ਜਤਿੰਦਰ ਜੋਰਵਾਲ, ਐਸਡੀਐਮ ਜਸਪ੍ਰੀਤ ਸਿੰਘ, ਪ੍ਰਧਾਨ ਨਗਰ ਕੌਂਸਲ ਨਿਸ਼ਾਨ ਸਿੰਘ ਟੋਨੀ, ਸੰਜੀਵ ਕਾਂਸਲ ਸੰਜੂ, ਜ਼ਿਲ੍ਹਾ ਵਣ ਮੰਡਲ ਅਫ਼ਸਰ ਮੋਨਿਕਾ ਦੇਵੀ ਯਾਦਵ, ਕੌਂਸਲਰ ਚਮਕੌਰ ਹਾਂਡਾ, ਆਸਾ ਬਜਾਜ, ਹਰਪਾਲ ਹਾਂਡਾ, ਗੁਰਤੇਜ ਸਿੰਘ ਨਿੱਕਾ, ਜਤਿੰਦਰ ਜੈਨ, ਮੁਕੇਸ ਜੁਨੇਜਾ, ਰਵੀ ਕਮਲ ਗੋਇਲ, ਮਨੀ ਸਰਾਓ, ਸੰਨੀ ਖਾਟਕ, ਮਨਪ੍ਰੀਤ ਬਾਂਸਲ, ਸੁੱਖ ਸਾਹੋਕੇ ਬਲਾਕ ਪ੍ਰਧਾਨ, ਸਰਪੰਚ ਸੁਲੱਖਣ ਸਿੰਘ, ਪ੍ਰਿੰਸੀਪਲ ਬਲਜੀਤ ਸਿੰਘ, ਸਾਧਾ ਸਿੰਘ ਵਿਰਕ, ਹਰਦੇਵ ਸਿੰਘ ਸਾਹੋਕੇ, ਕਾਕਾ ਬਾਠ, ਜਗਪਾਲ ਸਿੰਘ, ਲਾਭ ਸਿੰਘ ਨੀਲੋਵਾਲ, ਕਾਲਾ ਬਡਰੁੱਖਾਂ, ਦਵਿੰਦਰ ਬੁਗਰਾ, ਦਵਿੰਦਰ ਢੱਡਰੀਆਂ, ਜੱਸੀ ਬਡਰੁੱਖਾਂ ਵੀ ਹਾਜ਼ਰ ਸਨ।

ਮੇਲਾ ਮਾਘੀ ਕਾਨਫਰੰਸ ਦੀਆਂ ਤਿਆਰੀਆਂ ਸੰਬੰਧੀ ਸ਼੍ਰੋਮਣੀ ਅਕਾਲੀ ਦਲ ਦੀ ਮੀਟਿੰਗ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)-ਸ੍ਰੀ ਮੁਕਤਸਰ ਸਾਹਿਬ ਵਿਖੇ ਮੇਲਾ ਮਾਘੀ ਦੀ ਕਾਨਫਰੰਸ ਦੀਆਂ ਤਿਆਰੀਆਂ ਸੰਬੰਧੀ ਮੰਗਲਵਾਰ ਨੂੰ ਕਾਨਫਰੰਸ ਵਾਲੀ ਜਗ੍ਹਾ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਦੀ ਮੀਟਿੰਗ ਹੋਈ। ਇਸ ਮੀਟਿੰਗ ਦੌਰਾਨ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਆਪਣੇ ਸੰਬੋਧਨ 'ਚ ਸੁਖਬੀਰ ਸਿੰਘ ਬਾਦਲ ਨੇ ਆਮ ਆਦਮੀ ਪਾਰਟੀ ਦੀ ਮੌਜੂਦਾ ਸਰਕਾਰ 'ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਇਸ ਸਮੇਂ ਪੰਜਾਬ ਦਾ ਲਾਅ ਐਂਡ ਆਰਡਰ ਬੁਰੀ ਤਰਾਂ ਨਾਲ ਪ੍ਰਭਾਵਿਤ ਹੋ ਚੁੱਕਿਆ ਹੈ, ਹਰ ਪਾਸੇ ਚੋਰਾਂ ਤੇ ਗੈਂਗਸਟਰਾਂ ਦਾ ਬੋਲਬਾਲਾ ਹੈ, ਲੋਕਾਂ ਨੂੰ ਸ਼ਰੇਆਮ ਲੁੱਟਿਆ ਜਾ ਰਿਹਾ, ਜੋ ਚਿੰਤਾ ਦਾ ਵਿਸ਼ਾ ਹੈ। ਉਨ੍ਹਾ ਆਮ ਆਦਮੀ ਪਾਰਟੀ ਦੀ ਸਰਕਾਰ ਬਾਰੇ ਬੋਲਦਿਆਂ ਕਿਹਾ ਕਿ ਮੁੱਖ ਮੰਤਰੀ ਦਾ ਮਤਲਬ ਹੈ ਪੰਜਾਬ ਚਲਾਉਣਾ, ਸੈਰ ਸਪਾਟਾ ਕਰਨਾ ਨਹੀਂ , ਲੋਕਾਂ ਨੂੰ ਸੁਰੱਖਿਆ ਤੇ ਸਹੂਲਤਾਂ ਪ੍ਰਦਾਨ ਕਰਨਾ ਹੈ, ਉਨ੍ਹਾ ਦੱਸਿਆ ਕਿ ਲੋਕ ਮੁਢਲੀਆਂ ਸਹੂਲਤਾਂ ਤੋਂ ਵਾਂਝੇ ਹਨ। ਉਨ੍ਹਾਂ ਦੋਸ਼ ਲਗਾਏ ਕਿ ਲੋਕਾਂ ਨੂੰ ਸਹੂਲਤਾਂ ਦੇਣ ਦੀ ਬਜਾਏ ਆਮ ਆਦਮੀ ਪਾਰਟੀ ਆਪਣੇ ਝੂਠੇ ਪ੍ਰਚਾਰ 'ਤੇ ਕਰੋੜਾਂ ਰੁਪਏ ਖਰਚ ਕਰ ਰਹੀ ਹੈ। ਪੰਜਾਬ 'ਚ ਕਾਨੂੰਨ ਵਿਵਸਥਾ ਦਾ ਬਹੁਤ ਮਾੜਾ ਹਾਲ ਹੈ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੂਬੇ ਦੀ ਕਾਨੂੰਨ ਵਿਵਸਥਾ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜੇਕਰ ਅਜਿਹੇ ਹਾਲਾਤ ਰਹੇ ਤਾਂ ਪੰਜਾਬ ਵਿੱਚ ਕਿਸੇ ਨੇ ਰਹਿਣਾ ਨਹੀਂ। ਮਸਤੂਆਣਾ ਵਿਚ ਸਰਕਾਰੀ ਮੈਡੀਕਲ ਕਾਲਜ ਵਾਲੀ ਜ਼ਮੀਨ ਦੇ ਮਾਮਲੇ 'ਚ ਐਸ ਜੀ ਪੀ ਸੀ ਅਤੇ ਸਰਕਾਰ ਦਰਮਿਆਨ ਚੱਲ ਰਹੀ ਬਿਆਨਬਾਜ਼ੀ 'ਤੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਰਕਾਰ ਜਗ੍ਹਾ ਦਾ ਰਿਕਾਰਡ ਚੈਕ ਕਰਵਾ ਲਵੇ, ਉਹ ਜ਼ਮੀਨ ਐਸ ਜੀ ਪੀ ਸੀ ਦੀ ਹੈ। ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ 'ਚ ਜ਼ਮੀਨਾਂ ਖਾਲੀ ਕਰਨ ਦੇ ਲੋਕਾਂ ਨੂੰ ਆਏ ਨੋਟਿਸਾਂ 'ਤੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਇਸ ਦੀ ਨਿੰਦਾ ਕਰਦੇ ਹਨ। 70 ਸਾਲ ਤੋਂ ਵੱਸ ਰਹੇ ਲੋਕਾਂ ਨੂੰ ਕਿਥੇ ਭੇਜਿਆ ਜਾਵੇਗਾ, ਸਰਕਾਰ ਇਸ ਸੰਬੰਧੀ ਸੋਚੇ, ਸਿਰਫ ਪੈਸਾ ਇਕੱਠਾ ਕਰਨ ਵੱਲ ਨਾ ਵੇਖੇ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਬਾਰੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਚੰਨੀ ਨੇ ਛੋਟੀ ਠੱਗੀ ਮਾਰੀ, ਚੰਨੀ ਮੁੱਖ ਮੰਤਰੀ ਬਣ ਗਏ ਰੋਟੀ ਤਾਂ ਘਰੋਂ ਬਣਾ ਕੇ ਖਾ ਲੈਂਦਾ। ਚੰਨੀ ਨੇ ਮੁੱਖ ਮੰਤਰੀ ਬਣਨ ਤੋਂ ਬਾਅਦ ਇੱਕ ਦਿਨ ਵੀ ਰੋਟੀ ਘਰ ਤੋਂ ਨਹੀਂ ਖਾਧੀ। ਉਨ੍ਹਾ ਦੱਸਿਆ ਕਿ ਪੰਜਾਬ ਵਿੱਚ ਸਿਰਫ ਇੱਕੋ ਇੱਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਬਾਦਲ ਹੀ ਲੋਕਾਂ ਦੇ ਦਰਦ ਸਮਝਦੀ ਹੈ ਅਤੇ ਬਾਦਲ ਸਰਕਾਰ ਨੇ ਹਰ ਵਾਰ ਪੰਜਾਬ 'ਚ ਚੰਗੀ ਕਾਨੂੰਨ ਵਿਵਸਥਾ ਲਾਗੂ ਕੀਤੀ ਹੈ। ਇਸ ਮੌਕੇ ਵੱਡੇ ਪੱਧਰ 'ਤੇ ਅਕਾਲੀ ਆਗੂ, ਪਿੰਡਾਂ ਦੇ ਸਰਪੰਚ-ਪੰਚ ਤੇ ਵਰਕਰ ਮੌਜੂਦ ਸਨ।

300 ਪੇਟੀਆਂ ਨਜਾਇਜ਼ ਸ਼ਰਾਬ ਜ਼ਬਤ, 1 ਮੁਲਜ਼ਮ ਗ੍ਰਿਫ਼ਤਾਰ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਆਬਕਾਰੀ ਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਤੇ ਆਬਕਾਰੀ ਕਮਿਸ਼ਨਰ ਸ੍ਰੀ ਵਰੁਣ ਰੂਜਮ ਆਈ.ਏ.ਐਸ. ਦੀ ਯੋਗ ਅਗਵਾਈ ਤੇ ਸ੍ਰੀ ਗੁਰਜੋਤ ਸਿੰਘ ਕਲੇਰ (ਏ.ਆਈ.ਜੀ) ਆਬਕਾਰੀ ਪੁਲਸ ਤੇ ਸਰੁਪਿੰਦਰ ਸਿੰਘ, (ਆਬਕਾਰੀ ਅਧਿਕਾਰੀ), ਫ਼ਤਿਹਗੜ੍ਹ ਸਾਹਿਬ ਦੀ ਸਿੱਧੀ ਨਿਗਰਾਨੀ ਹੇਠ ਨਵੇਂ ਸਾਲ ਦੀ ਸ਼ੁਰੂਆਤ 'ਤੇ ਵੱਡੀ ਕਾਰਵਾਈ ਕਰਦਿਆਂ ਆਬਕਾਰੀ ਵਿਭਾਗ ਤੇ ਆਬਕਾਰੀ ਪੁਲਸ ਨੇ 300 ਡੱਬੇ ਤਸਕਰੀ ਕੀਤੀ। ਇੰਡੀਅਨ ਮੇਡ ਫੌਰਨ ਲਿਕਰ (ਆਈ.ਐੱਮ.ਐੱਫ਼.ਐੱਲ) (ਸ਼ਰਾਬ), ਜਿਸ ਦੀ ਅੰਦਾਜ਼ਨ ਕੀਮਤ 07 ਲੱਖ ਰੁਪਏ ਹੈ, ਜੋ ਚੰਡੀਗੜ੍ਹ ਤੋਂ ਪੰਜਾਬ ਤਸਕਰੀ ਕੀਤੀ ਜਾ ਰਹੀ ਸੀ, ਜ਼ਬਤ ਕੀਤੇ ਹਨ।

ਆਬਕਾਰੀ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਆਬਕਾਰੀ ਵਿਭਾਗ ਤੇ ਆਬਕਾਰੀ ਪੁਲਸ ਵੱਲੋਂ ਸੋਮਵਾਰ ਦੇਰ ਸ਼ਾਮ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਮਾਧੋਪੁਰ ਨੇੜੇ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਇਸ ਦੌਰਾਨ ਇੱਕ ਕੈਂਟਰ ਨੰਬਰ ਪੀ.ਬੀ.03ਬੀ.ਐਚ.1683 ਨੂੰ ਰੋਕਿਆ ਗਿਆ। ਇਸ ਦੌਰਾਨ ਸ਼ਰਾਬ ਦੀਆਂ 300 ਪੇਟੀਆਂ, ਜੋ ਸਿਰਫ਼ ਚੰਡੀਗੜ੍ਹ ਵਿੱਚ ਵਿਕਰੀ ਲਈ ਮਾਰਕ ਹਨ, ਲੁਕੋ ਕੇ ਰੱਖੀਆਂ ਬਰਾਮਦ ਹੋਈਆਂ। ਇਸ ਸਬੰਧੀ ਆਬਕਾਰੀ ਐਕਟ ਤਹਿਤ ਐੱਫ.ਆਈ.ਆਰ. ਦਰਜ ਕਰਕੇ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਪੰਜਾਬ ਦੇ ਵਿੱਤ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਵਿਭਾਗ ਨੂੰ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਹਨ ਤਾਂ ਜੁ ਸ਼ਰਾਬ ਦੀ ਤਸਕਰੀ ਵਿੱਚ ਸ਼ਾਮਲ ਲੋਕਾਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾ ਸਕੇ। ਬੁਲਾਰੇ ਨੇ ਕਿਹਾ, 'ਮੰਤਰੀ ਨੇ ਵਿਭਾਗ ਨੂੰ ਗੈਰ-ਕਾਨੂੰਨੀ ਸਰਾਬ ਦੇ ਕਾਰੋਬਾਰ ਵਿਰੁੱਧ ਜ਼ੀਰੋ ਟਾਲਰੈਂਸ ਦੀ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਹਨ।'

ਜ਼ੀਰਾ ਸ਼ਰਾਬ ਫੈਕਟਰੀ ਬੰਦ ਕਰਾਉਣ ਲਈ 26 ਪਿੰਡਾਂ 'ਚ ਸਰਕਾਰ ਦੀਆਂ ਅਰਥੀਆਂ ਫੂਕੀਆਂ

ਮਾਨਸਾ (ਪੱਤਰ ਪ੍ਰੇਰਕ)

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਜੀਰਾ ਵਿਖੇ ਸ਼ਰਾਬ ਦੀ ਫੈਕਟਰੀ ਬੰਦ ਕਰਾਉਣ ਲਈ ਮਾਨਸਾ ਜ਼ਿਲ੍ਹੇ ਦੇ 26 ਪਿੰਡਾਂ ਵਿੱਚ ਪੰਜਾਬ ਸਰਕਾਰ ਦੀਆਂ ਅਰਥੀਆਂ ਫੂਕ ਕੇ ਰੋਸ ਮੁਜ਼ਾਹਰੇ ਕੀਤੇ ਗਏ। ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਭੈਣੀਬਾਘਾ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ 'ਤੇ ਦੋਸ਼ ਲਾਇਆ ਕਿ ਹਾਈਕੋਰਟ ਦੇ ਹੁਕਮਾਂ ਦੇ ਬਹਾਨੇ ਜੀਰਾ ਵਿੱਚ ਪ੍ਰਦੂਸ਼ਣ ਫੈਲਾਉਣ ਵਾਲੀ ਸ਼ਰਾਬ ਦੀ ਫੈਕਟਰੀ ਵਿਰੁੱਧ ਲਾਏ ਧਰਨੇ ਦੌਰਾਨ ਲੋਕਾਂ 'ਤੇ ਅੰਨ੍ਹੇਵਾਹ ਲਾਠੀਚਾਰਜ ਕੀਤਾ ਗਿਆ ਤੇ ਪੁਲਸ ਪ੍ਰਸ਼ਾਸਨ ਵੱਲੋਂ ਸੈਂਕੜੇ ਵਿਅਕਤੀਆਂ 'ਤੇ ਝੂਠੇ ਪਰਚੇ ਦਰਜ ਕਰ ਦਿੱਤੇ ਗਏ ਹਨ। ਕਿਸਾਨ ਆਗੂ ਨੇ ਕਿਹਾ ਕਿ ਪ੍ਰਦੂਸ਼ਣ ਕਰਕੇ ਬਰਬਾਦੀ ਤੇ ਮੌਤਾਂ ਦਾ ਕਾਰਨ ਬਣੀ ਜੀਰਾ ਦੀ ਸ਼ਰਾਬ ਫੈਕਟਰੀ ਨੂੰ ਬੰਦ ਕਰਾਉਣ ਲਈ ਇਲਾਕੇ ਦੇ ਲੋਕ ਪਿਛਲੇ ਸਾਢੇ ਪੰਜ ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਹਨ, ਪਰ ਪੰਜਾਬ ਸਰਕਾਰ ਪ੍ਰਦੂਸ਼ਣ ਫੈਲਾ ਰਹੀ ਫੈਕਟਰੀ ਨੂੰ ਵਾਜਬ ਠਹਿਰਾਉਣ ਲਈ ਫ਼ਰਜ਼ੀ ਰਿਪੋਰਟਾਂ ਪੇਸ਼ ਕਰਕੇ ਕਾਰਪੋਰੇਟ ਘਰਾਣਿਆਂ ਦਾ ਪੱਖ ਪੂਰ ਰਹੀ ਹੈ, ਜਦੋਂ ਕਿ ਅਜਿਹੀਆਂ ਫੈਕਟਰੀਆਂ ਕਾਰਨ ਧਰਤੀ ਹੇਠਲਾ ਪਾਣੀ ਦਿਨੋ ਦਿਨ ਦੂਸ਼ਿਤ ਹੋ ਰਿਹਾ ਹੈ, ਜਿਸ ਨਾਲ ਮਨੁੱਖਾਂ ਤੇ ਪਸ਼ੂਆਂ ਨੂੰ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ, ਜਿਸ ਨਾਲ ਜਾਨੀ ਨੁਕਸਾਨ ਵਧਦਾ ਜਾ ਰਿਹਾ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਜਿੰਨੀ ਦੇਰ ਕਿਸਾਨਾਂ ਸਿਰ ਪਾਏ ਝੂਠੇ ਪਰਚੇ ਰੱਦ ਕਰਾਉਣ ਅਤੇ ਇਲਾਕੇ ਵਿੱਚ ਪ੍ਰਦੂਸ਼ਣ ਫੈਲਾਉਣ ਵਾਲੀ ਫੈਕਟਰੀ ਬੰਦ ਕਰਾਉਣ ਤੱਕ ਸੰਘਰਸ਼ ਜਾਰੀ ਰਹੇਗਾ।

ਜ਼ਮੀਨਾਂ ਖੋਹੇ ਜਾਣ 'ਤੇ ਪੰਜਾਬ ਸਰਕਾਰ ਖਿਲਾਫ ਜਤਾਇਆ ਰੋਸ

ਜਲਾਲਾਬਾਦ (ਦਹੂਜਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਜਲਾਲਾਬਾਦ (ਪੱਛਮੀ) ਨੇ ਪਿੰਡ ਬੱਘੇ ਕੇ ਉਤਾੜ ਜੋ ਵਾਹਕ ਜ਼ਮੀਨਾਂ ਨੂੰ ਸਰਕਾਰ ਨੇ ਕਿਸਾਨਾਂ ਤੋਂ ਖੋਹਣ ਦਾ, ਜੋ ਐਲਾਨ ਕੀਤਾ ਹੈ, ਇਸ ਐਲਾਨ ਦਾ ਕਿਸਾਨ ਵਿਰੋਧ ਕਰਦੇ ਹਨ ਤੇ ਜੋ ਜ਼ੀਰਾ ਵਿੱਚ ਸ਼ਰਾਬ ਦੀ ਫੈਕਟਰੀ ਬੰਦ ਕਰਨ ਦਾ ਜਨਤਾ ਵਿਰੋਧ ਕਰ ਰਹੀ ਹੈ, ਉਹ ਉਸ ਦਾ ਵੀ ਸਮੱਰਥਨ ਕਰਦੇ ਹਨ ਤੇ ਸ਼ਰਾਬ ਫੈਕਟਰੀ ਨੂੰ ਬੰਦ ਕਰਨ ਦੀ ਅਪੀਲ ਕਰਦੇ ਹਨ ਅਤੇ ਇਸ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾ

4Jan-2023-page-11-Majha.qxd 1/3/2023 10:38 PM Page 1

ਸੰਘਰਸ਼ੀ ਯੋਧਿਆਂ ਵੱਲੋਂ ਪੰਜਾਬ ਸਰਕਾਰ ਖਿਲਾਫ ਪੁਤਲਾ ਫੂਕ ਪ੍ਰਦਰਸ਼ਨ

ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਵਿੱਚ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨਤਾਰਨ ਅਤੇ ਉਸਮਾਂ ਤੇ ਮੰਨਣ ਟੋਲ ਪਲਾਜ਼ਿਆਂ 'ਤੇ ਚੱਲ ਰਹੇ ਮੋਰਚਿਆਂ ਵਿੱਚ ਪੰਜਾਬ ਸਰਕਾਰ ਦੇ ਪੁਤਲੇ ਫੂਕੇ ਅਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਹਰਪ੍ਰੀਤ ਸਿੰਘ ਪੰਡੋਰੀ ਸਿੱਧਵਾਂ, ਸਤਨਾਮ ਸਿੰਘ ਮਾਣੋਚਾਹਲ, ਹਰਜਿੰਦਰ ਸਿੰਘ ਸ਼ਕਰੀ, ਦਿਆਲ ਸਿੰਘ ਮੀਆਂਵਿੰਡ, ਫਤਿਹ ਸਿੰਘ ਪਿੱਦੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੁਮਲਾ ਮੁਸ਼ਤਰਕਾ ਖਾਤਿਆਂ ਦੀ ਹਜ਼ਾਰਾਂ ਏਕੜ ਜ਼ਮੀਨ ਜੋ ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਜੰਗਲ ਬੀਆਬਾਨ ਪੁੱਟ ਕੇ ਆਬਾਦ ਕੀਤੀਆਂ ਹਨ, ਨੂੰ ਪੇਂਡੂ ਕਾਮਨ ਲੈਂਡ ਪੰਚਾਇਤ ਐਕਟ ਵਿੱਚ ਸੋਧ ਕਰਕੇ ਪੰਚਾਇਤੀ ਜ਼ਮੀਨਾਂ ਵਿੱਚ ਤਬਦੀਲ ਕਰਕੇ ਅਬਾਦਕਾਰਾਂ ਨੂੰ ਜ਼ਮੀਨਾਂ ਛੱਡਣ ਦੇ ਨੋਟਿਸ ਕੱਢ ਦਿੱਤੇ ਗਏ ਹਨ। ਸਰਕਾਰ ਦੇ ਇਸ ਫੈਸਲੇ ਨਾਲ ਹਜ਼ਾਰਾਂ ਗਰੀਬ ਪਰਿਵਾਰ ਦੋ ਵੇਲੇ ਦੀ ਰੋਜ਼ੀ ਰੋਟੀ ਤੋਂ ਵਾਂਝੇ ਹੋ ਜਾਣਗੇ। ਉਨ੍ਹਾਂ ਨੇ ਕਿਹਾ ਕਿ ਸਰਕਾਰ ਨੂੰ ਤਾਂ ਚਾਹੀਦਾ ਹੈ ਕੇ ਵੱਡੇ ਸਿਆਸੀ ਘਰਾਣਿਆਂ ਅਤੇ ਅਫਸਰਸ਼ਾਹੀ ਵੱਲੋਂ ਲੁੱਟ-ਖਸੁੱਟ ਕਰਕੇ ਬਾਂਈਆਂ ਨਾਮੀ ਤੇ ਬੇਨਾਮੀ ਜਾਇਦਾਦਾਂ ਗਰੀਬਾਂ ਵਿੱਚ ਵੰਡੀਆਂ ਜਾਣ ਪਰ ਸਰਕਾਰ ਗਰੀਬਾਂ ਨੂੰ ਉਜਾੜਨ 'ਤੇ ਤੁਲੀ ਹੋਈ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੇ ਇਸ ਫੈਸਲੇ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ ਅਤੇ ਜੁਮਲਾ ਮੁਸ਼ਤਰਕਾ ਖਾਤਿਆਂ ਦੀਆਂ ਜ਼ਮੀਨਾਂ ਤੋਂ ਕਿਸਾਨਾਂ ਤੇ ਮਜ਼ਦੂਰਾਂ ਦਾ ਉਜਾੜਾ ਨਹੀ ਹੋਣ ਦਿੱਤਾ ਜਾਵੇਗਾ। ਉਨ੍ਹਾਂ ਨੇ ਜ਼ੀਰਾ ਸ਼ਰਾਬ ਫੈਕਟਰੀ ਨੂੰ ਪੱਕੇ ਤੌਰ 'ਤੇ ਬੰਦ ਕਰਵਾਉਣ ਲਈ ਚੱਲ ਰਹੇ ਸੰਘਰਸ਼ ਦੀ ਪੂਰਨ ਹਮਾਇਤ ਕੀਤੀ ਅਤੇ ਕਿਹਾ ਕਿ ਪੰਜਾਬ ਦਾ ਧਰਤੀ ਹੇਠਲਾ ਅਤੇ ਉਪਰਲਾ ਪਾਣੀ ਪ੍ਰਦੂਸ਼ਿਤ ਕਰ ਰਹੀਆਂ ਸਨਅਤੀ ਇਕਾਈਆਂ ਦੀ ਨਿਰਪੱਖ ਪੜਤਾਲ ਹਾਈਕੋਰਟ ਦੇ ਮੌਜੂਦਾ ਜੱਜ ਦੀ ਨਿਗਰਾਨੀ ਹੇਠ ਉੱਚ ਪੱਧਰੀ ਟੀਮ ਦਾ ਗਠਨ ਕਰਕੇ ਕੀਤੀ ਜਾਵੇ। ਉਨ੍ਹਾਂ ਨੇ ਜ਼ੋਰਦਾਰ ਮੰਗ ਕੀਤੀ ਕਿ ਪੇਂਡੂ ਕਾਮਨ ਲੈਂਡ ਐਕਟ ਵਿੱਚ ਕੀਤੀ ਸੋਧ ਰੱਦ ਕਰਕੇ ਵਿਧਾਨ ਸਭਾ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਮ 'ਤੇ ਕਨੂੰਨ ਬਣਾ ਕੇ ਅਬਾਦਕਾਰਾਂ ਨੂੰ ਜ਼ਮੀਨਾਂ ਦੇ ਪੱਕੇ ਮਾਲਕੀ ਹੱਕ ਦਿੱਤੇ ਜਾਣ। ਮਾਲਬਰੋਜ਼ ਸ਼ਰਾਬ ਫੈਕਟਰੀ ਜ਼ੀਰਾ ਪੱਕੇ ਤੌਰ 'ਤੇ ਬੰਦ ਕੀਤੀ ਜਾਵੇ, ਪੰਜਾਬ ਦੇ ਪਾਣੀਆਂ ਦੀ ਵੰਡ ਰਿਪੇਰੀਅਨ ਕਾਨੂੰਨ ਮੁਤਾਬਕ ਕੀਤੀ ਜਾਵੇ, ਲਤੀਫਪੁਰਾ ਦੇ ਪੀੜਤ ਪਰਿਵਾਰਾਂ ਨੂੰ ਪਹਿਲੀ ਜਗ੍ਹਾ ਘਰ ਬਣਾ ਕੇ ਦਿੱਤੇ ਜਾਣ, ਸਾਢੇ ਸਤਾਰਾਂ ਏਕੜ ਹੱਦਬੰਦੀ ਕਾਨੂੰਨ ਲਾਗੂ ਕਰਕੇ ਵਾਧੂ ਜ਼ਮੀਨਾਂ ਬੇਜ਼ਮੀਨੇ ਅਤੇ ਥੁੜ ਜ਼ਮੀਨਿਆਂ ਵਿੱਚ ਵੰਡੀਆਂ ਜਾਣ। ਇਸ ਮੌਕੇ ਕੁਲਵੰਤ ਸਿੰਘ ਮੁੰਡਾ ਪਿੰਡ, ਪ੍ਰਧਾਨ ਅਜੀਤ ਸਿੰਘ ਚੰਬਾ, ਬਲਵਿੰਦਰ ਸਿੰਘ ਚੋਹਲਾ ਸਾਹਿਬ, ਨਿਰਵੈਰ ਸਿੰਘ ਧੁੰਨ, ਦਰਸ਼ਨ ਸਿੰਘ, ਸੁਖਦੇਵ ਸਿੰਘ ਧੁੰਨ, ਰਣਜੀਤ ਸਿੰਘ ਰਾਣਾ ਚੋਲਾ ਸਾਹਿਬ, ਸੁਖਦੇਵ ਸਿੰਘ, ਅਜੀਤ ਸਿੰਘ ਰੱਤੋਕੇ ਅਤੇ ਪ੍ਰਧਾਨ ਹਰਜਿੰਦਰ ਸਿੰਘ ਚੰਬਾ ਆਦਿ ਆਗੂ ਹਾਜ਼ਰ ਸਨ।

ਮੋਦੀ ਦੇ ਨਕਸ਼ੇ ਕਦਮਾਂ 'ਤੇ ਚੱਲਣੋਂ ਗੁਰੇਜ਼ ਕਰੇ ਪੰਜਾਬ ਸਰਕਾਰ: ਕਿਸਾਨ ਆਗੂ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂ ਅਤੇ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਦੀ ਅਗਵਾਈ ਹੇਠ ਡੀਸੀ ਦਫਤਰਾਂ 'ਤੇ ਸ਼ੁਰੂ ਕੀਤੇ ਗਏ ਪੰਜਾਬ ਪੱਧਰੀ ਮੋਰਚੇ ਦੇ 38ਵੇਂ ਦਿਨ ਅੰਮ੍ਰਿਤਸਰ ਦੇ ਮਾਨਾਂਵਾਲਾ ਟੋਲ ਪਲਾਜ਼ਾ ਅਤੇ ਡੀਸੀ ਦਫਤਰ ਅੰਮ੍ਰਿਤਸਰ ਸਮੇਤ ਪੰਜਾਬ ਭਰ ਵਿਚ ਚਲਦੇ ਮੋਰਚਿਆਂ 'ਤੇ ਭਗਵੰਤ ਮਾਨ ਸਰਕਾਰ ਦੇ ਪੁਤਲੇ ਫੂਕਦੇ ਹੋਏ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।

ਸੂਬਾ ਆਗੂ ਗੁਰਬਚਨ ਸਿੰਘ ਚੱਬਾ, ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ ਅਤੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਜਰਮਨਜੀਤ ਸਿੰਘ ਬੰਡਾਲਾ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਕਿਸਾਨਾਂ ਮਜ਼ਦੂਰਾਂ ਦੇ ਹਿੱਤਾਂ ਖਿਲਾਫ ਭੁਗਤਣ ਵਿਚ ਮੋਦੀ ਸਰਕਾਰ ਨੂੰ ਵੀ ਮਾਤ ਪਾ ਰਹੀ ਹੈ ਅਤੇ ਧਨਾਢ ਲੋਕਾਂ ਕੋਲੋਂ ਪੰਚਾਇਤੀ ਜ਼ਮੀਨਾਂ ਛੁਡਵਾਉਣ ਵਿਚ ਅਸਫਲ ਰਹਿਣ ਪਿੱਛੋਂ ਕਾਨੂੰਨੀ ਹੱਥਕੰਡੇ ਅਪਣਾ ਕੇ ਹਮਾਤੜ ਲੋਕਾਂ ਦੀ ਜ਼ਮੀਨ ਹੜੱਪਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਥੇਬੰਦੀ ਸਰਕਾਰ ਵੱਲੋਂ ਜੁਮਲਾ ਮੁਸਤਰਕਾ ਮਾਲਕਾਨ ਜ਼ਮੀਨਾਂ ਪੰਚਾਇਤਾਂ ਨੂੰ ਦੇਣ ਵਾਲੀ ਸੋਧ ਨੂੰ ਅਧਾਰ ਬਣਾ ਕੇ ਜ਼ਮੀਨਾਂ ਖਾਲੀ ਕਰਨ ਲਈ ਬਲਾਕ ਗਿੱਦੜਬਾਹਾ ਦੇ ਪਿੰਡ ਮੱਲਣ ਵਿਚ ਭੇਜੇ ਗਏ ਨੋਟਿਸਾਂ ਦਾ ਸਖਤ ਵਿਰੋਧ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਸਰਕਾਰ ਕਿਸੇ ਤਰ੍ਹਾਂ ਦੀ ਕਾਰਵਾਈ ਤੋਂ ਬਾਜ਼ ਆਵੇ। ਵਿਧਾਨ ਸਭਾ ਵਿਚ ਇਸ ਸੋਧ ਨੂੰ ਵਾਪਿਸ ਲਿਆ ਜਾਵੇ ਨਹੀਂ ਤਾਂ ਤਿੱਖੇ ਰੂਪ ਦੇ ਸੰਘਰਸ਼ਾਂ ਦਾ ਸਾਹਮਣਾ ਕਰਨ ਲਈ ਤਿਆਰ ਰਹੇ। ਡੀਸੀ ਦਫਤਰ ਮੋਰਚੇ ਤੋਂ ਜ਼ਿਲ੍ਹਾ ਆਗੂ ਸਕੱਤਰ ਸਿੰਘ ਕੋਟਲਾ ਅਤੇ ਬਾਜ਼ ਸਿੰਘ ਸਾਰੰਗੜਾ ਨੇ ਕਿਹਾ ਕਿ ਜ਼ੀਰਾ ਫੈਕਟਰੀ ਦਾ ਸੰਘਰਸ਼ ਹਰ ਦਿਨ ਬੁਲੰਦੀ ਵੱਲ ਜਾ ਰਿਹਾ ਹੈ ਸੋ ਅਦਾਲਤ ਅਤੇ ਸਰਕਾਰ ਲੋਕਾਂ ਦੀਆਂ ਮੁਸ਼ਕਿਲਾਂ, ਜਾਨਾਂ ਅਤੇ ਭਾਵਨਾਵਾਂ ਨੂੰ ਧਿਆਨ ਵਿਚ ਰੱਖ ਕੇ ਅਗਲੇ ਫੈਸਲੇ ਕਰਨ, ਲੋਕ ਸੰਘਰਸ਼ਾਂ ਤੋਂ ਪਿੱਛੇ ਨਹੀਂ ਹਟਣ ਵਾਲੇ ਹਨ। ਉਨ੍ਹਾਂ ਕੇਂਦਰ ਦੀ ਮੋਦੀ ਸਰਕਾਰ ਨੂੰ ਕਰੜੇ ਹੱਥੀਂ ਲੈਂਦੇ ਕਿਹਾ ਕਿ ਜੁਮਲੇਬਾਜ਼ ਪੀ. ਐੱਮ. ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਅਗਰ ਭਾਰਤ ਸੱਚਮੁੱਚ ਦਿਨ ਰਾਤ ਤਰੱਕੀ ਕਰ ਰਿਹਾ ਹੈ ਤਾਂ ਭਾਰਤੀ ਰੁਪਿਆ ਦੀ ਹਾਲਤ ਡਾਲਰ ਦੇ ਮੁਕਾਬਲੇ ਇਤਿਹਾਸਕ ਗਿਰਾਵਟ ਤੇ ਕਿਉਂ ਹੈ। ਅੰਤਰਰਾਸ਼ਟਰੀ ਮੰਡੀ ਵਿਚ ਤੇਲ ਦੀਆਂ ਕੀਮਤਾਂ ਬੇਹੱਦ ਘਟ ਜਾਣ ਦੇ ਬਾਵਜੂਦ ਆਮ ਜਨਤਾ ਨੂੰ ਰਾਹਤ ਕਿਉਂ ਨਹੀਂ ਮਿਲ ਰਹੀ?

ਜਿਲ੍ਹਾ ਸਕੱਤਰ ਗੁਰਲਾਲ ਸਿੰਘ ਮਾਨ ਅਤੇ ਜ਼ਿਲ੍ਹਾ ਪ੍ਰੈਸ ਸਕੱਤਰ ਕੰਵਰਦਲੀਪ ਸੈਦੋਲੇਹਲ, ਜ਼ਿਲ੍ਹਾ ਆਗੂ ਬਲਵਿੰਦਰ ਸਿੰਘ ਰੁਮਾਣਾਚੱਕ, ਕੁਲਜੀਤ ਸਿੰਘ ਕਾਲੇ ਘਣੁਪੁਰ, ਅੰਗਰੇਜ਼ ਸਿੰਘ ਸਹਿੰਸਰਾ, ਗੁਰਲਾਲ ਸਿੰਘ ਕੱਕੜ, ਸੁਖਜਿੰਦਰ ਸਿੰਘ ਹਰੜ, ਕੁਲਵੰਤ ਸਿੰਘ ਕੱਕੜ, ਨਰਿੰਦਰ ਸਿੰਘ ਭਿੱਟੇਵਿਡ, ਕੁਲਬੀਰ ਸਿੰਘ ਲੋਪੋਕੇ, ਫਤਿਹ ਸਿੰਘ, ਗੁਰਦਾਸ ਸਿੰਘ ਵਿਸ਼ੋਆ, ਕੁਲਵੰਤ ਸਿੰਘ ਰਾਜਾਤਾਲ, ਜਰਨੈਲ ਸਿੰਘ ਹਰੜ, ਜੋਗਾ ਸਿੰਘ ਖ਼ਾਰੇ, ਗੁਰਤੇਜ ਸਿੰਘ ਜਠੋਲ, ਚਰਨਜੀਤ ਸਿੰਘ ਸਫੀਪੁਰ, ਪ੍ਰਗਟ ਸਿੰਘ ਗੁੰਨੋਵਾਲ, ਕਾਬਲ ਸਿੰਘ ਮਹਾਵਾ, ਗੁਰਭੇਜ ਸਿੰਘ ਝੰਡੇ, ਮੇਜਰ ਸਿੰਘ ਅਬਦਾਲ ਅਤੇ ਹੋਰ ਸੀਨੀਅਰ ਜ਼ੋਨ ਤੇ ਪਿੰਡ ਪੱਧਰੀ ਆਗੂਆਂ ਸਮੇਤ ਭਰਪੂਰ ਗਿਣਤੀ ਵਿਚ ਕਿਸਾਨ ਮਜ਼ਦੂਰ ਅਤੇ ਬੀਬੀਆਂ ਨੇ ਹਾਜ਼ਰੀ ਭਰੀ।

ਲੋਕਾਂ ਨੂੰ ਚੰਗੀ ਸਿਹਤ ਦੇਣ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਵਚਨਬੱਧ: ਸ਼ਮਸ਼ੇਰ ਸਿੰਘ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਸੂਬੇ ਦੇ ਲੋਕਾਂ ਲਈ ਚੰਗੀ ਸਿਹਤ ਅਤੇ ਸਿਹਤਮੰਦ ਪੰਜਾਬ ਦੀ ਸਿਰਜਣਾ ਦੇ ਉਦੇਸ਼ ਨਾਲ ਨਵੇਂ ਸਾਲ ਦੇ ਮੌਕੇ ਕਮਿਊਨਿਟੀ ਸਿਹਤ ਕੇਂਦਰ ਸੰਗੋਵਾਲ ਦੀਨਾਨਗਰ ਵਿਖੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਅਰਵਿੰਦ ਮਹਾਜਨ ਦੀ ਅਗਵਾਈ ਹੇਠ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਸਿਹਤ ਕੇਂਦਰ ਦੇ ਸਮੂਹ ਸਟਾਫ ਨੇ ਇਸ ਆਯੋਜਨ ਵਿਚ ਆਪਣਾ ਸਹਿਯੋਗ ਅਤੇ ਸ਼ਮੂਲੀਅਤ ਦਰਜ ਕਰਾਈ। ਹਲਕਾ ਇੰਚਾਰਜ ਆਮ ਆਦਮੀ ਪਾਰਟੀ ਸ਼ਮਸ਼ੇਰ ਸਿੰਘ ਖਾਸ ਤੌਰ 'ਤੇ ਸ਼ਾਮਲ ਹੋਏ।

ਮਾਣਯੋਗ ਸਿਵਲ ਸਰਜਨ ਗੁਰਦਾਸਪੁਰ ਮੈਡਮ ਡਾਕਟਰ ਕੁਲਵਿੰਦਰ ਕੌਰ, ਜ਼ਿਲ੍ਹਾ ਫੈਮਲੀ ਵੈੱਲਫੇਅਰ ਅਫਸਰ ਡਾਕਟਰ ਤਜਿੰਦਰ ਕੌਰ ਅਤੇ ਡਿਪਟੀ ਮੈਡੀਕਲ ਸੁਪਰਡੈਂਟ ਡਾਕਟਰ ਰੋਮੀ ਰਾਜਾ ਨੇ ਵੀ ਇਸ ਆਯੋਜਨ ਵਿੱਚ ਆਪਣੀ ਮੌਜੂਦਗੀ ਦਰਜ ਕਰਾਈ। ਇਸ ਮੌਕੇ ਵਿਚਾਰ ਸਾਂਝੇ ਕਰਦਿਆਂ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਉਹ ਅਤੇ ਉਨ੍ਹਾਂ ਦੀ ਆਮ ਆਦਮੀ ਪਾਰਟੀ ਲੋਕਾਂ ਨੂੰ ਚੰਗੀ ਸਿਹਤ ਦੇਣ ਲਈ ਪੂਰੀ ਤਰ੍ਹਾਂ ਨਾਲ ਵਚਨਬੱਧ ਹੈ ਅਤੇ ਸੀਐੱਚਸੀ ਦੀਨਾਨਗਰ ਵਿਚ ਲੋਕਾਂ ਵਾਸਤੇ ਪੂਰੀਆਂ ਸੁਵਿਧਾਵਾਂ ਉਪਲੱਬਧ ਕਰਵਾਉਣ ਵਾਸਤੇ ਉਹ ਪੂਰੀ ਤਰ੍ਹਾਂ ਯਤਨਸ਼ੀਲ ਹਨ। ਸਿਵਲ ਸਰਜਨ ਗੁਰਦਾਸਪੁਰ ਨੇ ਕਮਿਊਨਿਟੀ ਸਿਹਤ ਕੇਂਦਰ ਦੀਨਾਨਗਰ ਦੀ ਕਾਰਗੁਜ਼ਾਰੀ ਪ੍ਰਤੀ ਆਪਣੀ ਤਸੱਲੀ ਪ੍ਰਗਟਾਈ।

ਸਿਵਲ ਸਰਜਨ ਦੇ ਨਾਲ ਆਈ ਉਨ੍ਹਾਂ ਦੀ ਟੀਮ ਮੈਡੀਕਲ ਸੁਪਰਡੈਂਟ ਅਤੇ ਫੈਮਲੀ ਪਲੈਨਿੰਗ ਅਫਸਰ ਜ਼ਿਲ੍ਹਾ ਗੁਰਦਾਸਪੁਰ ਨੇ ਕਿਹਾ ਕਿ ਕਮਿਊਨਿਟੀ ਸਿਹਤ ਕੇਂਦਰ ਵਿੱਚ ਜੱਚਾ-ਬੱਚਾ ਸੁਵਿਧਾਵਾਂ ਨੂੰ ਹੋਰ ਵਿਸਥਾਰ ਦਿੰਦੇ ਹੋਏ ਜਲਦੀ ਹੀ ਸਿਜ਼ੇਰੀਅਨ ਡਲਿਵਰੀ ਦੀ ਸੁਵਿਧਾ ਸਥਾਪਿਤ ਕਰਨ ਦੀ ਵਿਭਾਗ ਵੱਲੋਂ ਪੂਰੀ ਮਦਦ ਕੀਤੀ ਜਾਵੇਗੀ। ਇਸ ਮੌਕੇ ਡਾਕਟਰ ਅਰਵਿੰਦ ਮਹਾਜਨ ਨੇ ਆਏ ਹੋਏ ਸਮੂਹ ਮਹਿਮਾਨਾਂ ਦਾ ਧੰਨਵਾਦ ਕੀਤਾ। ਅੱਜ ਦੇ ਇਸ ਆਯੋਜਨ ਵਿਚ ਡਾ. ਇੰਦਰਜੀਤ ਸਿੰਘ ਰਾਣਾ, ਡਾ. ਸੁਖਵਿੰਦਰ ਕੁਮਾਰ, ਡਾ. ਕੁਸੁਮ, ਡਾ. ਹਿਮਾਂਸ਼ੂ ਸੋਹਲ, ਡਾ. ਵਰਿੰਦਰ, ਡਾ. ਪੂਜਾ, ਮੈਡਮ ਨਿਰਮਲ ਸਤਵੰਤੀ, ਸਟਾਫ ਨਰਸ ਵਰਿੰਦਰ ਕੌਰ, ਰਜਿੰਦਰ ਕੌਰ, ਲਖਵਿੰਦਰ ਕੌਰ, ਅੰਜੂ ਬਾਲਾ, ਸੁਨੀਤਾ, ਵਾਰਡ ਅਟੈਂਡੈਂਟ ਰਣਜੀਤ ਸਿੰਘ, ਹੋਮਿਓਪੈਥੀ ਫਾਰਮਾਸਿਸਟ ਭਾਰਤ ਭੂਸ਼ਨ ਅਤੇ ਫਤਹਿ ਸਿੰਘ ਨੇ ਵਿਸ਼ੇਸ਼ ਸਹਿਯੋਗ ਦਿੱਤਾ।

ਸਰਕਾਰ ਪੈਨਸ਼ਨਰਾਂ ਦੀਆਂ ਮੰਗਾਂ ਪਹਿਲ ਦੇ ਆਧਾਰ 'ਤੇ ਲਾਗੂ ਕਰੇ: ਮਰਵਾਹਾ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਪੰਜਾਬ ਰਾਜ ਬਿਜਲੀ ਬੋਰਡ ਆਲ ਕੇਡਰ ਪੈਨਸ਼ਨਰਜ਼ ਐਸੋਸੀਏਸ਼ਨ ਅਜਨਾਲਾ ਮੰਡਲ ਯੂਨਿਟ ਦੀ ਮੀਟਿੰਗ ਸ਼ਹੀਦ ਕਾਲਿਆਂ ਵਾਲਾ ਖੂਹ ਵਿਖੇ ਸੋਮਨਾਥ ਮਰਵਾਹਾ ਅਤੇ ਮਲਕੀਅਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਪੈਨਸ਼ਨਰ ਆਗੂ ਮਲਕੀਅਤ ਸਿੰਘ, ਸੋਮਨਾਥ ਮਰਵਾਹਾ, ਹਰਭਜਨ ਝੰਜੋਟੀ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ/ਪਾਵਰਕਾਮ ਦੀ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਪੈਨਸ਼ਨਰਾਂ ਨੂੰ ਬਿਜਲੀ ਦੀ ਰਿਆਇਤ ਦੇਣੀ, 23 ਸਾਲਾ ਸਕੇਲ ਬਿਨਾਂ ਸ਼ਰਤ ਹਰੇਕ ਪੈਨਸ਼ਨਰ ਨੂੰ ਦੇਣ, 31/12/05 ਦੇ ਪਹਿਲੇ ਪੈਨਸ਼ਨਰ ਨੂੰ ਪੇ-ਬੈਂਡ ਦਾ ਏਰੀਅਰ ਦੇਣ ਬਾਰੇ, ਮਿਤੀ 1/7/15 ਤੋਂ ਪਿਛਲਾ ਡੀ. ਏ. ਦਾ ਬਕਾਇਆ ਦੇਣ ਬਾਰੇ, ਪੇਅ ਮਿਸ਼ਨ ਦੀ ਰਿਪੋਰਟ ਅਨੁਸਾਰ ਮਿਤੀ 31/12/15 ਦੇ ਪਹਿਲੇ ਪੈਨਸ਼ਨਰਾਂ ਨੂੰ 2.59 ਦਾ ਫੈਕਟਰ ਨਾਲ ਪੈਨਸ਼ਨ ਫਿਕਸ ਕਰਨ ਬਾਰੇ, ਮੈਡੀਕਲ ਬਿੱਲਾਂ ਦੀ ਸਰਲ ਨੀਤੀ ਬਣਾਉਣ ਬਾਰੇ, ਮੈਡੀਕਲ ਕੈਸ਼ਲੈੱਸ ਸਕੀਮ ਲਾਗੂ ਕਰਨ ਬਾਰੇ, ਮੈਡੀਕਲ ਭੱਤਾ 2500 ਰੁਪਏ ਕਰਨ ਬਾਰੇ ਅਤੇ ਮਿਤੀ 1/1/2004 ਤੋਂ ਬਾਅਦ ਦੇ ਭਰਤੀ ਕੀਤੇ ਕਾਮੇ ਨੂੰ ਪੈਨਸ਼ਨ ਸਕੀਮ ਲਾਗੂ ਕਰਨ ਬਾਰੇ ਮੰਗਾਂ ਰੱਖੀਆਂ ਗਈਆਂ। ਇਸ ਮੌਕੇ ਤਰਸੇਮ ਸਿੰਘ, ਸਤਪਾਲ ਸਿੰਘ ਪੁਰਬਾ, ਲਖਬੀਰ ਸਿੰਘ, ਰਸਾਲ ਸਿੰਘ, ਓਮ ਪ੍ਰਕਾਸ਼, ਸਵਿੰਦਰ ਸਿੰਘ, ਹਰਬੰਸ ਸਿੰਘ, ਨਿਰਮਲ ਸਿੰਘ, ਸੁਖਮਿੰਦਰ ਸਿੰਘ, ਜਸਬੀਰ ਸਿੰਘ, ਜੋਗਿੰਦਰ ਸਿੰਘ, ਲਖਵਿੰਦਰ ਸਿੰਘ ਆਦਿ ਹਾਜ਼ਰ ਸਨ।

ਜ਼ਿਲ੍ਹਾ ਮੈਜਿਸਟਰੇਟ ਵੱਲੋਂ ਸਟਰੀਟ ਲਾਈਟਾਂ ਚਾਲੂ ਕਰਵਾਉਣ ਦੀ ਹਦਾਇਤ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ): ਧੁੰਦ ਦੇ ਮੌਸਮ ਵਿਚ ਜ਼ਿਲ੍ਹੇ ਦੇ ਵੱਖ-ਵੱਖ ਸਥਾਨਾਂ ਉਤੇ ਬੰਦ ਪਈਆਂ ਸਟਰੀਟ ਲਾਈਟਾਂ ਦਾ ਗੰਭੀਰ ਨੋਟਿਸ ਲੈਂਦੇ ਜ਼ਿਲ੍ਹਾ ਮੈਜਿਸਟਰੇਟ ਹਰਪ੍ਰੀਤ ਸਿੰਘ ਸੂਦਨ ਨੇ ਸਾਰੇ ਵਿਭਾਗਾਂ ਜਿਨ੍ਹਾਂ ਵੱਲੋਂ ਇਹ ਲਾਈਟਾਂ ਲਗਾਈਆਂ ਗਈਆਂ ਹਨ ਜਾਂ ਜਿਨ੍ਹਾਂ ਦੀ ਜ਼ਿੰਮੇਵਾਰੀ ਇਨ੍ਹਾਂ ਲਾਈਟਾਂ ਨੂੰ ਚਾਲੂ ਰੱਖਣ ਦੀ ਹੈ, ਨੂੰ ਹਦਾਇਤ ਕੀਤੀ ਹੈ ਕਿ ਤੁਰੰਤ ਇਨ੍ਹਾਂ ਲਾਈਟਾਂ ਦੀ ਰਿਪੇਅਰ ਆਦਿ ਕਰਕੇ ਚਾਲੂ ਕੀਤਾ ਜਾਵੇ। ਆਪਣੇ ਹੁਕਮਾਂ ਵਿਚ ਉਨ੍ਹਾਂ ਕਿਹਾ ਕਿ ਕਈ ਵਾਰ ਤਾਂ ਇਹ ਲਾਈਟਾਂ ਕੇਵਲ ਸਵਿਚ ਆਨ ਨਾ ਕਰਨ ਕਾਰਨ ਹੀ ਬੰਦ ਹੁੰਦੀਆਂ ਹਨ, ਜਦਕਿ ਇਨ੍ਹਾਂ ਦਾ ਜਗਣਾ ਆਮ ਜਨਤਾ ਦੀ ਸੁਰੱਖਿਆ ਲਈ ਬੇਹੱਦ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਅੱਜ ਜਦੋਂ ਮੌਸਮ ਦੀ ਖਰਾਬੀ ਕਾਰਨ ਅੱਖਾਂ ਦੂਰ ਤੱਕ ਵੇਖਣ ਤੋਂ ਅਸਮਰੱਥ ਹਨ, ਤਾਂ ਰਾਤ ਨੂੰ ਜੱਗਦੀਆਂ ਇਹ ਸਟਰੀਟ ਲਾਈਟਾਂ ਕਾਫੀ ਹੱਤ ਤੱਕ ਮੁਸਾਫਰਾਂ ਨੂੰ ਸਹੂਲਤ ਦਿੰਦੀਆਂ ਹਨ। ਸੋ ਹਰ ਹਾਲਤ ਵਿਚ ਸਾਰੀਆਂ ਸਟਰੀਟ ਲਾਈਟਾਂ ਚਾਲੂ ਕੀਤੀਆਂ ਜਾਣ। ਉਨ੍ਹਾਂ ਸਾਰੇ ਵਿਭਾਗਾਂ ਦੇ

4 Jan-Page-12.qxd 1/3/2023 10:40 PM Page 1

ਖੇਡ ਮੰਤਰੀ ਵੱਲੋਂ ਨਾਰਥ ਜ਼ੋਨ ਅੰਤਰ-'ਵਰਸਿਟੀ ਬਾਸਕਟਬਾਲ ਚੈਂਪੀਅਨਸ਼ਿਪ ਦੀ ਸ਼ੁਰੂਆਤ

ਜਲੰਧਰ,: (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-ਪੰਜਾਬ ਦੇ ਖੇਡਾਂ ਤੇ ਯੁਵਕ ਸੇਵਾਵਾਂ ਅਤੇ ਉਚੇਰੀ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਪੰਜਾਬ ਨੂੰ ਖੇਡਾਂ ਦੇ ਖੇਤਰ ਵਿੱਚ ਬੁਲੰਦੀਆਂ 'ਤੇ ਲਿਜਾਣ ਦੀ ਵਚਨਬੱਧਤਾ ਨੂੰ ਦਹੁਰਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਵਿੱਚ ਸੂਬੇ ਦੀ ਪੁਰਾਣੀ ਸ਼ਾਨ ਨੂੰ ਮੁੜ ਸੁਰਜੀਤ ਕਰਨ ਲਈ ਨਵੀਂ ਵਿਆਪਕ ਤੇ ਕਾਰਗਰ ਖੇਡ ਨੀਤੀ ਜਲਦ ਲਿਆਂਦੀ ਜਾ ਰਹੀ ਹੈ। ਇਥੇ ਸਰਕਾਰੀ ਆਰਟਸ ਤੇ ਸਪੋਰਟਸ ਕਾਲਜ ਵਿਖੇ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ ਵੱਲੋਂ 7 ਜਨਵਰੀ ਤੱਕ ਕਰਵਾਈ ਜਾ ਰਹੀ ਛੇ ਰੋਜ਼ਾ ਨੋਰਥ ਜ਼ੋਨ ਅੰਤਰ-ਯੂਨੀਵਰਸਿਟੀ ਬਾਸਕਟਬਾਲ (ਮ) ਚੈਂਪੀਅਨਸ਼ਿਪ ਦੀ ਸ਼ੁਰੂਆਤ ਕਰਵਾਉਂਦਿਆਂ ਖੇਡ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡਾਂ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਅਤੇ ਖੇਡਾਂ ਲਈ ਵਧੀਆ ਮਾਹੌਲ ਸਿਰਜਣ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਪੰਜਾਬ ਦੇ ਖਿਡਾਰੀ ਕੌਮਾਂਤਰੀ ਖੇਡ ਮੰਚ 'ਤੇ ਵੱਧ ਤੋਂ ਵੱਧ ਮੈਡਲ ਜਿੱਤਣ ਕੇ ਪੰਜਾਬ ਤੇ ਦੇਸ਼ ਦਾ ਨਾਮ ਰੋਸ਼ਨ ਕਰ ਸਕਣ। ਉਨ੍ਹਾਂ ਕਿਹਾ ਕਿ ਸੂਬੇ ਦੇ ਹਰ ਉਮਰ ਦੇ ਲੋਕਾਂ ਨੂੰ ਖੇਡਾਂ ਨਾਲ ਜੋੜਨ ਲਈ ਸੂਬਾ ਸਰਕਾਰ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ' ਕਰਵਾਈਆਂ ਗਈਆਂ ਅਤੇ ਖੇਡ ਭਾਵਨਾ ਨੂੰ ਹੋਰ ਪ੍ਰਫੁੱਲਿਤ ਕਰਨ ਲਈ ਦਿਨ-ਰਾਤ ਯਤਨ ਕੀਤੇ ਜਾ ਰਹੇ ਹਨ, ਜਿਸ ਸਦਕਾ ਪੰਜਾਬ ਜਲਦ ਹੀ ਖੇਡਾਂ ਦੇ ਖੇਤਰ ਵਿੱਚ ਨੰਬਰ ਇਕ ਸੂਬਾ ਬਣੇਗਾ। ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਦਾ ਸੱਦਾ ਦਿੰਦਿਆਂ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਖਿਡਾਰੀ ਨਿਰਪੱਖ ਹੋ ਕੇ ਮੁਕਾਬਲਿਆਂ ਵਿੱਚ ਭਾਗ ਲੈਣ ਅਤੇ ਜਿੱਤ ਤੇ ਹਾਰ ਨੂੰ ਖਿੜੇ ਮੱਥੇ ਮੱਥੇ ਸਵੀਕਾਰ ਕਰਨ। ਇਕ ਸਵਾਲ ਦਾ ਜਵਾਬ ਦਿੰਦਿਆਂ ਖੇਡ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਹਾਰਾਜਾ ਰਣਜੀਤ ਸਿੰਘ ਐਵਾਰਡ ਨੂੰ ਦੁਬਾਰਾ ਜਲਦ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸੂਬਾ ਸਰਕਾਰ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਨੂੰ ਮੁੜ ਸ਼ੁਰੂ ਕੀਤਾ ਗਿਆ ਹੈ, ਜਿਸ ਤਹਿਤ ਹਰ ਜ਼ਿਲ੍ਹੇ ਤੋਂ ਬਿਨੈ ਪੱਤਰ ਪ੍ਰਾਪਤ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਐਵਾਰਡ, ਜੋ ਪਿਛਲੇ ਲੰਮੇ ਸਮੇਂ ਤੋਂ ਦਿੱਤਾ ਨਹੀਂ ਗਿਆ ਸੀ, ਹੁਣ ਹਰ ਸਾਲ ਦਿੱਤਾ ਜਾਇਆ ਕਰੇਗਾ। ਇਸ ਤੋਂ ਪਹਿਲਾਂ ਖੇਡ ਮੰਤਰੀ ਵੱਲੋਂ ਵਿਧਾਇਕ ਸ਼ੀਤਲ ਅੰਗੁਰਾਲ ਤੇ ਰਮਨ ਅਰੋੜਾ, ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ, ਨਗਰ ਨਿਗਮ ਕਮਿਸ਼ਨਰ ਅਭਿਜੀਤ ਕਪਲੀਸ਼, ਸਾਬਕਾ ਖਿਡਾਰੀ ਤੇ ਅਰਜੁਨ ਅਵਾਰਡੀ ਸੱਜਣ ਸਿੰਘ ਚੀਮਾ, ਓਲੰਪੀਅਨ ਸੁਰਿੰਦਰ ਸਿੰਘ ਸੋਢੀ ਤੇ ਹੋਰਨਾਂ ਪਤਵੰਤਿਆਂ ਨਾਲ ਝੰਡਾ ਲਹਿਰਾਉਣ ਉਪਰੰਤ ਚੈਂਪੀਅਨਸ਼ਿਪ ਦੇ ਆਗਾਜ਼ ਦਾ ਐਲਾਨ ਕੀਤਾ ਗਿਆ।

ਇਸ ਦੌਰਾਨ ਦਿ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਲੈਫਟੀਨੈਂਟ ਜਨਰਲ (ਡਾ.) ਜੇ.ਐਸ.ਚੀਮਾ (ਸੇਵਾਮੁਕਤ) ਨੇ ਮੁੱਖ ਮਹਿਮਾਨ ਅਤੇ ਹੋਰ ਪਤਵੰਤਿਆਂ ਦਾ ਸਵਾਗਤ ਕਰਦਿਆਂ ਦੱਸਿਆ ਕਿ ਇਸ ਅੰਤਰ ਯੂਨੀਵਰਸਿਟੀ ਬਾਸਕਟਬਾਲ ਮੁਕਾਬਲੇ ਵਿੱਚ ਉੱਤਰੀ ਭਾਰਤ ਦੀਆਂ 50 ਦੇ ਕਰੀਬ ਟੀਮਾਂ ਵੱਲੋਂ ਭਾਗ ਲਿਆ ਜਾ ਰਿਹਾ ਹੈ। ਇਸ ਉਪਰੰਤ ਖੇਡ ਮੰਤਰੀ ਵੱਲੋਂ ਸਪੋਰਟਸ ਕਾਲਜ ਵਿਖੇ ਸਵੀਮਿੰਗ ਪੂਲ ਅਤੇ ਟਰੈਕ ਦਾ ਦੌਰਾ ਵੀ ਕੀਤਾ ਗਿਆ।

ਇਸ ਦੌਰਾਨ ਬਾਸਕਟਬਾਲ ਚੈਂਪੀਅਨਸ਼ਿਪ ਦਾ ਪਹਿਲਾ ਮੈਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਗੁਰੂਗ੍ਰਾਮ ਯੂਨੀਵਰਸਿਟੀ, ਗੁਰੂਗ੍ਰਾਮ ਦਰਮਿਆਨ ਹੋਇਆ, ਜੋ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਟੀਮ ਨੇ 57/03 ਨਾਲ ਜਿੱਤ ਹਾਸਲ ਕੀਤੀ। ਦੂਜਾ ਮੈਚ ਸੀ.ਸੀ.ਐਸ.ਯੂ. ਮੇਰਠ ਅਤੇ ਸੀ.ਬੀ.ਐਲ.ਯੂ ਭਿਵਾਨੀ ਦੀਆਂ ਟੀਮਾਂ ਵਿਚਕਾਰ ਹੋਇਆ, ਜਿਸ ਵਿੱਚ ਮੇਰਠ ਦੀ ਟੀਮ 31/18 ਨਾਲ ਜੇਤੂ ਰਹੀ। ਇਸੇ ਤਰ੍ਹਾਂ ਐਚ.ਐਨ.ਬੀ.ਜੀ.ਯੂ. ਗੜਵਾਲ ਨੇ 29/18 ਨਾਲ ਲਖਨਊ ਯੂਨੀਵਰਸਿਟੀ 'ਤੇ ਜਿੱਤ ਹਾਸਲ ਕੀਤੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਅਮਿਤ ਮਹਾਜਨ, ਐਸ.ਡੀ.ਐਮ. ਜੈ ਇੰਦਰ ਸਿੰਘ, ਜ਼ਿਲ੍ਹਾ ਖੇਡ ਅਫਸਰ ਲਵਜੀਤ ਸਿੰਘ, ਡਾਇਰੈਕਟਰ ਸਪੋਰਟਸ ਡਾ. ਅਨੁਭਵ ਵਾਲੀਆ, ਜ਼ਿਲ੍ਹਾ ਯੋਜਨਾ ਕਮੇਟੀ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ, ਪੰਜਾਬ ਐਗਰੋ ਦੇ ਚੇਅਰਮੈਨ ਮੰਗਲ ਸਿੰਘ, ਕਾਲਜ ਦੇ ਪ੍ਰਿੰਸੀਪਲ ਡਾ. ਰਣਬੀਰ ਸਿੰਘ ਵੀ ਮੌਜੂਦ ਸਨ।-

ਨਵੀਂ ਪਨੀਰੀ ਦੀ ਦੌੜ

ਡਾ: ਨਵਪ੍ਰੀਤ ਕੌਰ

ਅੱਜ ਤੋਂ ਅੱਧੀ ਸਦੀ ਪਹਿਲਾਂ ਤੱਕ ਪੰਜਾਬ ਵਿੱਚ ਨਸ਼ਿਆਂ ਦਾ ਰਿਵਾਜ ਬਹੁਤ ਘੱਟ ਸੀ। ਉਸ ਸਮੇਂ ਦੇ ਨਸ਼ੇ ਸਸਤੇ ਸਨ ਪਰ ਲੋਕ ਫਿਰ ਵੀ ਨਸ਼ੇ ਦੀ ਵਰਤੋਂ ਨਹੀਂ ਕਰਦੇ ਸਨ। ਟਾਵੇਂ-ਟਾਵੇਂ ਲੋਕ ਨਸਵਾਰ, ਡੋਡੇ (ਪੋਸਤ-ਅਫੀਮ), ਤੰਬਾਕੂ (ਸਿਗਰੇਟ, ਹੁੱਕਾ) ਆਦਿ ਨਸ਼ਿਆਂ ਦੇ ਸ਼ੌਕੀਨ ਸਨ। ਉਹ ਨਸ਼ੇ ਇਨ੍ਹੇ ਜਿਆਦਾ ਘਾਤਕ ਜਾਂ ਮਾਰੂ ਨਹੀਂ ਸਨ। ਇਨ੍ਹਾਂ ਨਾਲ ਥੋੜੀ ਜਿਹੀ ਮਸਤੀ ਚੜ੍ਹੀ ਰਹਿੰਦੀ ਸੀ। ਸਿਗਰਟ ਪੀਣਾ, ਅਫੀਮ ਖਾਣਾ, ਹੁੱਕਾ ਪੀਣਾ ਤੇ ਸ਼ਰਾਬ ਪੀਣਾ ਸ਼ਾਹੀ ਸ਼ੌਕ ਸਮਝੇ ਜਾਂਦੇ ਸਨ। ਨਸ਼ਾ ਧਰਮ ਅਤੇ ਸਮਾਜਕ ਨਿਯਮਾਂ ਤੋਂ ਉਲਟ ਹੈ। ਇਸ ਕਰਕੇ ਇਸਨੂੰ ਘਿਰਨਾ ਕੀਤਾ ਜਾਂਦੀ ਹੈ ਤੇ ਵਿਰੋਧ ਕੀਤਾ ਜਾਂਦਾ ਹੈ। ਨਸ਼ਈ ਬੰਦਾ ਕਦੇ ਵੀ ਕੋਈ ਗਲਤ ਕੰਮ ਕਰ ਸਕਦਾ ਹੈ। ਜਿਵੇਂ ਗਾਲ੍ਹਾਂ ਕੱਢਣਾ, ਲੜਾਈ ਕਰਨਾ ਤੇ ਮਰਨ-ਮਾਰਨ ਤੱਕ ਵੀ ਪਹੁੰਚ ਸਕਦਾ ਹੈ।

ਕਿਸੇ ਸਮੇਂ ਪੰਜਾਬ ਦੇ ਗੱਭਰੂ, ਚੰਗੀਆਂ ਖੁਰਾਕਾਂ ਖਾਂਦੇ, ਸਖਤ ਮਿਹਨਤ ਕਰਦੇ ਸਨ। ਖੇਡਾਂ, ਕਸਰਤ, ਘੋਲ, ਮਨਪ੍ਰਚਾਵੇ ਭੰਗੜਾ ਤੇ ਬੋਲੀਆਂ ਪਾਉਣਾ ਗੱਭਰੂਆਂ ਦਾ ਸ਼ੌਕ ਸੀ। ਮੁਟਿਆਰਾਂ ਗਿੱਧੇ ਪਾਉਂਦੀਆਂ, ਨੱਚਦੀਆਂ, ਪੀਘਾਂ ਝੂਟਦੀਆਂ, ਬੋਲੀਆਂ ਪਾਉਂਦੀਆਂ ਥੱਕਦੀਆਂ ਨਹੀਂ ਸਨ। ਇਹ ਪੰਜ ਦਰਿਆਵਾਂ ਦਾ ਪੰਜਾਬ ਦੁਨੀਆਂ ਵਿੱਚ ਇਕ ਰੰਗੀਲਾ ਪੰਜਾਬ ਅਖਵਾਉਂਦਾ ਸੀ। ਫੌਜਾਂ ਵਿੱਚ ਇਨ੍ਹਾਂ ਨੇ ਦੂਜੇ ਮੁਲਕਾਂ ਵਿੱਚ ਜਾ ਕੇ ਮੱਲਾਂ ਮਾਰੀਆਂ ਤੇ ਭਾਰਤ ਨੂੰ ਪੱਛਮੀ ਹਮਲਾਵਰਾਂ ਤੋਂ ਸੁਰੱਖਿਅਤ ਰੱਖਿਆ ਹੋਇਆ ਹੈ। ਪਰ ਇੱਕੋ-ਇਕ ਛੇਵਾਂ ਦਰਿਆ "ਨਸ਼ਾ" ਮਨੁੱਖ ਨੂੰ ਘੁਣ ਵਾਂਗ ਖਾਈ ਜਾ ਰਿਹਾ ਹੈ। ਇਸ ਦੇ ਪਿੱਛੇ ਕਈ ਕਾਰਨ ਹਨ। ਪਹਿਲਾ ਕਾਰਨ ਤਾਂ ਇਹ ਹੈ ਕਿ ਬਹੁਤ ਗਿਣਤੀ ਰੰਗਲੇ ਨੌਜਵਾਨ ਤੇ ਮੁਟਿਆਰਾਂ ਵਿਦੇਸ਼ਾਂ ਵਿੱਚ ਚਲੇ ਗਏ ਹਨ। ਇਥੇ ਪ੍ਰਵਾਸੀ ਮਜ਼ਦੂਰ ਆ ਗਏ ਹਨ ਜੋ ਕਿ ਨਸ਼ੇ ਦੇ ਆਦੀ ਹਨ। ਚਿੱਟਾ ਜਾਂ ਜਰਦਾ ਨਸ਼ਾ ਆਮ ਪ੍ਰਚਲਤ ਹਨ ਜੋ ਕਿ ਕਈ ਬੰਦਿਆਂ ਦੀ ਮੌਤ ਦਾ ਕਾਰਨ ਬਣਿਆ ਹੋਇਆ ਹੈ। ਹਰ ਰੋਜ਼ ਇੱਕ ਦੋ ਬੰਦੇ ਨਸ਼ਾ ਖਾ ਕੇ ਮਰ ਰਹੇ ਹਨ। ਇਸ ਦੀ ਵਰਤੋਂ ਦੀ ਕੋਈ ਸੀਮਾ ਨਹੀਂ। ਨਸ਼ੇ ਦੇ ਟੀਕੇ ਲਾ ਕੇ ਆਪਣਾ ਲਾਲਚ ਪੂਰਾ ਕਰਦੇ ਹਨ। ਜਿਥੇ ਬੈਠੇ ਹਨ ਉਥੇ ਹੀ ਬੇਹੋਸ਼ ਹੋ ਕੇ ਡਿੱਗੇ ਪਏ ਰਹਿੰਦੇ ਹਨ ਜਾਂ ਮਰ ਜਾਂਦੇ ਹਨ।

ਦੂਜਾ ਕਾਰਨ ਇਹ ਹੈ ਕਿ ਹਰ ਰੋਜ਼ ਨਸ਼ੇ ਦੇ ਭਰੇ ਡਰੋਨ, ਟੱਰਕ ਆਦਿ ਸਰੱਦਦੋਂ ਪਾਰ ਤੋਂ ਇੱਥੇ ਆਉਂਦੇ ਹਨ। ਅੱਗੇ ਸਟੋਰਾਂ, ਦੁਕਾਨਾਂ ਵਾਲਿਆਂ ਤੱਕ ਏਜੰਟਾਂ ਦੇ ਰਾਹੀਂ ਵੰਡਿਆ ਤੇ ਵੇਚਿਆ ਜਾਂਦਾ ਹੈ। ਦੇਖੋ ਦੇਖੀ ਛੋਟੇ ਬੱਚੇ, ਇਸਤਰੀਆਂ, ਪੜ੍ਹੇ-ਲਿਖੇ ਲੋਕ ਅਤੇ ਮੁਟਿਆਰਾਂ ਵੀ ਨਸ਼ੇ ਖਾਂਦੀਆਂ ਹਨ। ਕਈ ਪਰਿਵਾਰਾਂ ਦੇ ਇੱਕ ਤੋਂ ਵੱਧ ਜੀਵ ਇਸ ਦੀ ਵਰਤੋਂ ਕਰਦੇ ਹਨ।

ਭਾਵੇਂ ਸਰਕਾਰ ਤੇ ਪੁਲਿਸ ਨਸ਼ਿਆਂ ਨੂੰ ਰੋਕਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ ਪਰ ਇਨ੍ਹਾਂ ਨੂੰ ਠੱਲ੍ਹ ਨਹੀਂ ਪੈ ਰਿਹਾ ਹੈ। ਵੇਚਣ ਵਾਲੇ ਕਮਾਈ ਦਾ ਵੱਡਾ ਭਾਗ ਸਾਧਨ ਸਮਝਣ ਤੇ ਵਰਤਣ ਵਾਲਿਆਂ ਨੂੰ ਆਸਾਨੀ ਨਾਲ ਮਿਲ ਰਿਹਾ ਹੈ ਤੇ ਉਹ ਪੱਕੇ ਆਦਿ ਹੋ ਚੁੱਕੇ ਹਨ। ਭਾਵੇਂ ਨਸ਼ਾ ਛਡਾਊ ਕੇਂਦਰ ਵੀ ਖੋਲ੍ਹੇ ਗਏ ਹਨ ਪਰ ਨਾ ਮਾਤਰ ਹੀ ਬੰਦੇ ਨਸ਼ਾ ਛੱਡਦੇ ਹਨ। ਇਸ ਤਰ੍ਹਾਂ ਬੇਰੁਜ਼ਗਾਰੀ ਨਸ਼ਾ ਵੇਚਣ ਵਾਲਿਆਂ ਦਾ ਤੇ ਖਰੀਦਣ ਵਾਲਿਆਂ ਦਾ ਕਾਰਨ ਬਣੀ ਹੋਈ ਹੈ।

ਅੱਜ ਬਹੁ ਗਿਣਤੀ ਨੌਜਵਾਨ ਮਾਪਿਆਂ ਦਾ ਸਤਿਕਾਰ, ਸ਼ਰਮ, ਡਰ ਭੁੱਲ ਚੁੱਕੇ ਹਨ। ਉਹ ਉਨ੍ਹਾਂ ਦੇ ਕਹਿਣੇ ਤੋਂ ਬਾਹਰ ਹਨ। ਘਰ ਦਾ ਪੈਸਾ ਨਸ਼ੇ ਲਈ ਮੰਗਦੇ ਹਨ। ਇਥੋਂ ਤੱਕ ਕਿ ਨਸ਼ੇ ਦਾ ਖਰਚ ਨਾ ਮਿਲਣ ਤੇ ਮਾਂ, ਬਾਪ ਤੇ ਪਤਨੀ ਦੀ ਕੁੱਟਮਾਰ ਵੀ ਕਰਦੇ ਹਨ। ਕਈ ਵਾਰ ਉਹ ਜ਼ਮੀਨ ਉੱਤੇ ਬੈਂਕਾਂ ਤੋਂ ਕਰਜ਼ਾ ਲੈ ਲੈਂਦੇ ਹਨ। ਬੱਚਤ ਨਾ ਹੋਣ ਤੇ ਕਰਜ਼ਾ ਨਹੀਂ ਮੁੜਦਾ ਤੇ ਆਤਮਘਾਤ ਕਰ ਲੈਂਦੇ ਹਨ।

ਡਰੋਨਾ ਰਾਹੀਂ ਹਥਿਆਰ ਵੀ ਆਉਂਦੇ ਹਨ ਇਹਨਾਂ ਦੀ ਵਰਤੋਂ ਨਾਲ ਕਈ ਭੈੜੇ ਸਿੱਟੇ ਨਿਕਲ ਰਹੇ ਹਨ। ਨਸ਼ਾ ਤੇ ਹਥਿਆਰ ਹਰ ਰੋਜ਼ ਦੀਆਂ ਮੁੱਠਭੇੜਾਂ, ਧਮਕੀਆਂ ਤੇ ਫਿਰੌਤੀਆਂ ਆਦਿ ਦਾ ਕਾਰਨ ਬਣੇ ਹੋਏ ਹਨ। ਬਰਾਤਾਂ ਵਿੱਚ ਜਾ ਕੇ ਮੁਕਾਬਲੇ ਹੁੰਦੇ ਹਨ। ਸੱਟਾਂ ਵੱਜਦੀਆਂ ਤੇ ਮੌਤਾਂ ਵੀ ਹੋ ਰਹੀਆਂ ਹਨ। ਨਸ਼ੇ ਦੀ ਵਰਤੋਂ ਡਰਾਇਵਰਾਂ ਨੂੰ ਵੀ ਦੁਰਘਟਨਾਂ ਕਰਨ ਲਈ ਮਜਬੂਰ ਕਰ ਰਹੀ ਹੈ। ਹਰ ਰੋਜ਼ ਨਸ਼ੇ ਕਾਰਨ ਕਈ-ਕਈ ਦੁਰਘਟਨਾਵਾਂ ਹੋ ਰਹੀਆਂ ਹਨ। ਸੜਕ ਤੇ ਚੱਲਣਾ ਤੇ ਸਵਾਰੀ ਕਰਨਾ ਸੁਰੱਖਿਅਤ ਨਹੀਂ ਰਿਹਾ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਇਕੱਜੁਟ ਹੋ ਕੇ ਇਸ ਗੰਭੀਰ ਸਮੱਸਿਆ ਉੱਤੇ ਕਾਬੂ ਪਾਈਏ, ਨਹੀਂ ਤਾਂ, "ਉਸ ਚਮਨ ਕਾ ਯਾਰੋ ਕਿਆ ਹਾਲ ਹੋਗਾ, ਜਿਸ ਕੀ ਹਰ ਟਹਿਣੀ ਪੇ ਉੱਲੂ ਬੈਠਾ ਹੈ" ਵਾਲੀ ਗੱਲ ਹੋ ਜਾਵੇਗੀ।

ਮੋਬਾਇਲ-82839-59199

ਨਵੇਂ ਸਾਲ ਦੀ ਆਮਦ ਮੌਕੇ ਗੁਰਮਤਿ ਸਮਾਗਮ ਕਰਵਾਏ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਦਿਹਾਣਾ ਵਿਖੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸਥਾਨ 'ਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਓਟ ਆਸਰੇ ਨਾਲ ਨਵੇਂ ਸਾਲ ਦੀ ਆਮਦ ਮੌਕੇ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਪ੍ਰਧਾਨ ਜਥੇਦਾਰ ਬਰਿੰਦਰ ਸਿੰਘ ਜਸਵਾਲ ਨੇ ਦੱਸਿਆ ਕਿ ਨਵੇਂ ਸਾਲ ਆਮਦ ਸਬੰਧੀ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਭਾਈ ਰਣਜੀਤ ਸਿੰਘ ਹੈੱਡ ਗ੍ਰੰਥੀ, ਬੀਬੀਆਂ ਦੇ ਕੀਰਤਨੀ ਜਥੇ ਨੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਜੈਕਾਰਿਆਂ ਦੀ ਗੂੰਜ ਵਿੱਚ ਨਵੇਂ ਸਾਲ ਨੂੰ ਜੀ ਆਇਆ ਕਹਿਆ ਗਿਆ। ਇਸ ਮੌਕੇ ਜਸਵਿੰਦਰ ਸਿੰਘ ਜੱਸਾ, ਅਮਨਦੀਪ ਸਿੰਘ, ਜਸਵੀਰ ਸਿੰਘ ਸ਼ਿੰਦਾ, ਅਮਰੀਕ ਸਿੰਘ ਕਲਸੀ, ਬਲਵੀਰ ਸਿੰਘ, ਦਿਲਪ੍ਰੀਤ ਸਿੰਘ, ਸਤਨਾਮ ਸਿੰਘ, ਬੀਬੀ ਸੁਰਜੀਤ ਕੌਰ ਜਸਵਾਲ, ਅਮਰਜੀਤ ਕੌਰ, ਦਲਜੀਤ ਕੌਰ, ਹਰਦੇਵ ਕੌਰ, ਜਸਵੀਰ ਕੌਰ, ਜਸਵਿੰਦਰ ਕੌਰ,ਜਿੰਦਰ ਕੌਰ ਆਦਿ ਹਾਜਰ ਸਨ।

ਲਖਵਿੰਦਰ ਸਿੰਘ ਸੇਖੋਂ ਨੇ ਬਤੌਰ ਬੀ ਪੀ ਈ ਓ ਚਾਰਜ ਸੰਭਾਲਿਆ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਧਾਰੀਵਾਲ ਨੀਰਜ ਕੁਮਾਰ ਜਿਨ੍ਹਾਂ ਨੂੰ ਜ਼ਿਲਾ ਸਿੱਖਿਆ ਅਫਸਰ ਐਲੀ : ਅਮਰਜੀਤ ਸਿੰਘ ਭਾਟੀਆ ਵੱਲੋਂ ਬਲਾਕ ਡੇਰਾ ਬਾਬਾ ਨਾਨਕ -1 ਵਾਧੂ ਚਾਰਜ ਦਿੱਤਾ ਗਿਆ ਸੀ, ਕੋਲੋਂ ਬਲਾਕ ਡੇਰਾ ਬਾਬਾ ਨਾਨਕ -1 ਦਾ ਵਾਧੂ ਚਾਰਜ ਵਾਪਸ ਲੈਣ ਉਪਰੰਤ ਉਨ੍ਹਾਂ ਦੀ ਜਗ੍ਹਾ ਡੀਈਓ ਐਲੀਮੈਂਟਰੀ ਅਮਰਜੀਤ ਸਿੰਘ ਭਾਟੀਆ ਵੱਲੋਂ ਲਖਵਿੰਦਰ ਸਿੰਘ ਸੇਖੋਂ ਬੀਪੀਈਓ ਬਲਾਕ ਕਾਹਨੂੰਵਾਨ -1 ਨੂੰ ਬਤੌਰ ਬੀਪੀਈਓ ਬਲਾਕ ਡੇਰਾ ਬਾਬਾ ਨਾਨਕ -1 ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਅੱਜ ਲਖਵਿੰਦਰ ਸਿੰਘ ਸੇਖੋਂ ਨੇ ਬਤੌਰ ਬੀਪੀਈਓ ਬਲਾਕ ਡੇਰਾ ਬਾਬਾ ਨਾਨਕ -1 ਦਾ ਚਾਰਜ ਸੰਭਾਲ ਲਿਆ ਹੈ। ਇਸ ਮੌਕੇ ਉਨ੍ਹਾਂ ਨਾਲ ਗੁਰਇਕਬਾਲ ਸਿੰਘ ਬਲਾਕ ਸਿੱਖਿਆ ਅਫਸਰ ਗੁਰਦਾਸਪੁਰ -1 ਵੀ ਹਾਜ਼ਰ ਸਨ। ਲਖਵਿੰਦਰ ਸਿੰਘ ਸੇਖੋਂ ਦਾ ਸਾਥੀਆਂ ਸਮੇਤ ਡੇਰਾ ਬਾਬਾ ਨਾਨਕ ਦੇ ਬੀਪੀਈਓ ਦਫਤਰ ਵਿਖੇ ਪਹੁੰਚਣ 'ਤੇ ਬਲਾਕ ਦੇ ਸਮੂਹ ਕਰਮਚਾਰੀਆਂ ਵੱਲੋਂ ਫੁੱਲਾਂ ਦੇ ਗੁਲਦਸਤੇ ਦੇ ਕੇ ਅਤੇ ਹਾਰ ਪਾ ਕੇ ਸਵਾਗਤ ਕੀਤਾ ਗਿਆ ਤੇ ਜੀ ਆਇਆਂ ਆਖਿਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਮੈਂ ਆਪਣੇ ਆਪ ਨੂੰ ਬੜਾ ਵੱਡਭਾਗਾ ਮਹਿਸੂਸ ਕਰ ਰਿਹਾ ਹਾਂ ਜੋ ਮੈਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਡੇਰਾ ਬਾਬਾ ਨਾਨਕ ਦੇ ਇਲਾਕੇ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਅਗਰ ਬਕਾਕ ਦੇ ਕਿਸੇ ਅਧਿਆਪਕ ਨੂੰ ਕਿਸੇ ਤਰ੍ਹਾਂ ਦੀ